ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

ਦੋਹਿਰਾ। ਬਾਣੀ ਗੁਰਾਂ ਉਚਾਰ ਕੇ, ਸੰਗਤਿ ਕੈ ਵੈਰਾਗ। ਪੂਰੀ ਸਭ ਕੀ ਕਾਮਨਾ, ਦਰਸ ਕਰੈਂ ਵਡਭਾਗ।

# ਗੁਰਪ੍ਰਸਾਦਿ ਮਹਾਂ ਵਿਸਮਾਦ ਸਲੋਕ ਮਹੱਲਾ ਨਾਵਾਂ ਅਰਥ ਸਟੀਕ ਜੀ।



ਧਰਮ ਹੇਤ, ਸਾਕਾ ਜਿਨਿ ਕੀਆ॥ ਸੀਸੁ ਦੀਆ, ਪਰੁ ਸਿਰਰੁ ਨ ਦੀਆ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ, ਧੰਨ ਪਿਆਰੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਾਹਿਬ ਜੀ ਹਨ ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ ’ਚ ਗੋਲ਼ ਦਾਇਰੇ ਤਿੱਖੇ ਤੀਰਾਂ ਵਿਚਕਾਰ ਬੈਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ ’ਚ, ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਵੈਰਾਗਮਈ ਸ੍ਰੀ ਗੁਰਬਾਣੀ ਜੀ ਉਚਾਰ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਅਪਣੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ ਤੇ ਸਜ ਰਹੇ ਹਨ।

DOWNLOAD **LEARN SHUDH GURBANI** APP
@gursevaksevadar | www.gursevak.com | hello@gursevak.com



**ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ ਹਰਿ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ'ਚ, ਉੱਬਲਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ'ਚ ਪੰਜ ਦਿਨ ਭੁੱਖ ਉਣੀਂਦ੍ਹਾ ਤ੍ਰੇਹ ਸਹਾਰਦੇ ਹੋਏ, **ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥** ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।



ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ 'ਚ ਗੋਲ ਦਾਇਰੇ ਤਿੱਖੇ ਤੀਰਾਂ ਵਿਚਕਾਰ ਬਿਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ'ਚ ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਆਪਣੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸ੍ਰੀ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ 'ਤੇ ਸਜ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਅਤੇ ਦਸਾਂ ਸਤਿਗੁਰਾਂ ਦੀ ਜਾਗਦੀ ਜੋਤਿ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਜੁੱਗੋ ਜੁੱਗ ਅਟਲ ਗੁਰਤਾ ਬਿਰਾਜਮਾਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ। ਕੋਟਾਨ ਕੋਟ ਨਮਸਕਾਰ!



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਗੁਰਮੁਖਿ ਸਨਮੁਖ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ! ਹੁਣ ਆਪਣਾ ਸੀਸ ਤਲੀ 'ਤੇ ਰੱਖ ਕੇ, ਮੱਚਦੇ ਧਰਮ ਯੁੱਧ 'ਚ, ਸ੍ਰੀ ਹਰਿਮੰਦਰ ਸਾਹਿਬ ਜੀ 'ਤੇ ਚੜ੍ਹ ਕੇ ਆਏ ਜ਼ਾਲਮਾਂ ਦੇ ਹੁਣ ਡੱਕਰੇ ੨ ਕਰ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਪਰਮ ਸ਼ਹੀਦ ਧੰਨ ਬਾਬਾ ਜੀਵਨ ਸਿੰਘ ਸਾਹਿਬ ਜੀ ਭਾਈ ਜੈਤਾ ਜੀ! ਪਰਮਪੂ-ਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪਰਮਪਵਿੱਤ੍ਰ ਨਿਰੰਕਾਰੀ ਸੀਸ ਨੂੰ, ਅਪਣੇ ਸੀਸ 'ਤੇ ਸਜਾ ਕੇ, ਦਿੱਲੀਓਂ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ, ਹੁਣ ਲਿਜਾ ਰਹੇ ਹਨ, ਸ੍ਰੀ ਅਨੰਦਪੁਰ ਸਾਹਿਬ ਜੀ ਤਿਆ-ਗਣ ਮਗਰੋਂ, ਸਰਸਾ ਨਦੀ ਨੇੜੇ, ਜ਼ਾਲਮਾਂ ਦਾ ਪੁਰਜਾ ਪੁਰਜਾ ਕੱਟ ਕੇ, ਆ-ਪਣਾ ਅੰਗ ਅੰਗ ਕਟਵਾ ਕੇ, "**ਨਾਨਕ, ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥**" ਅਨੁਸਾਰ ਹੁਣ ਸ਼ਹੀਦੀ ਪਾ ਰਹੇ ਹਨ।

ਲਾਹੌਰ ਵਿਖੇ ਬੱਚਿਆਂ ਨੂੰ ਨੇਜ਼ਿਆਂ 'ਤੇ ਟੰਗਵਾ ਕੇ, ਗ਼ਲਾਂ 'ਚ ਹਾਰ ਪੁਆ, ਪੂਰਨ ਪ੍ਰੀਤ ਪ੍ਰਤੀਤ ਨਾਲ ਭੁੱਖੀਆਂ, ਸਬਰ ਸ਼ੁਕਰ ਨਾਲ ਸਵਾ ਸਵਾ ਮਣ ਪੀਸ ਕੇ ਪੂਰਨ ਸਤਿਗੁਰਾਂ ਦੇ ਸਨਮੁਖ ਸਿਦਕ ਨਿਭਾ ਪਤੀਬ੍ਰਤਾ, ਧਰਮ ਦ੍ਰਿੜ ਹੁਣ ਸ਼ਹੀਦੀਆਂ ਪਾ ਰਹੀਆਂ ਹਨ। ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬੀਬੀਆਂ ਦੀ ਕਮਾਈ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਬਹਾਦਰ ਧੰਨ ਬਾਬਾ ਸਤੀਰਾਮ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਰੂੰ 'ਚ ਲਪੇਟ ਕੇ ਸਾੜ ਰਹੇ ਹਨ। ਵਾਹਿਗੁਰੂ ਮਹੱਲੇ ਨੌਵੇਂ ਜੀ ਦੇ ਸਨਮੁਖ ਹੁਣ ਸ਼ਹੀਦੀ ਪਾ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮ-ਵੀਰ ਬਹਾਦਰ ਧੰਨ ਬਾਬਾ ਮਤੀਦਾਸ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ ਤਿੱਖੇ ਆਰੇ ਨਾਲ ਚੀਰ ਰਹੇ ਹਨ। ਪਿਆਰੀ ਸਿੱਖੀ ਅਤੇ ਸੱਚੇ ਸਤਿਗੁਰਾਂ ਲਈ,

ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਸੂਰਬੀਰ ਬਹਾਦਰ ਧੰਨ ਬਾਬਾ ਦਿਆਲਾ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਦੇਗ਼ 'ਚ ਉਬਾਲ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਗੁਰਮੁਖਿ ਵਾਹਿਗੁਰੂ ਪਰਮਵੀਰ ਬਹਾਦਰ ਧੰਨ ਬਾਬਾ ਜੋਰਾਵਰ ਸਿੰਘ ਸਾਹਿਬ ਜੀ, ਧੰਨ ਬਾਬਾ ਫ਼ਤੇਹ ਸਿੰਘ ਸਾਹਿਬ ਜੀ! ਜਿਉਂਦਿਆਂ ਜਿਉਂਦਿਆਂ ਨੂੰ ਹੀ, ਸਰਹਿੰਦ ਵਿਖੇ, ਜ਼ਾਲਮ ਜ਼ੁਲਮੀ ਕੰਧ ਦੀ ਨੀਂਹ 'ਚ, ਹੁਣ ਖੜ੍ਹੇ ਕਰਕੇ, ਉੱਪਰ ਕੰਧ ਚਿਣ ਰਹੇ ਹਨ। ਵੇਪਰਵਾਹੀ ਨਾਲ ਜੈਕਾਰੇ ਗੱਜਾਉਂਦਿਆਂ ਦੇ, ਸੀਸ ਉਤਾਰੇ ਜਾ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਵੀਰ ਪੂਰਨ ਬ੍ਰਹਮਗਿਆਨੀ ਧੰਨ ਬਾਬਾ ਮਨੀ ਸਿੰਘ ਸਾਹਿਬ ਜੀ ! ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ ਦੇ ਪਿਆਰ ਸਤਿਕਾਰ ਸਿਮਰਨ 'ਚ ਲੀਣ ਹੁਣ ਬੈਠ ਰਹੇ ਹਨ, ਜ਼ਾਲਮ ਹੁਣ ਆਪ ਜੀ ਦਾ ਬੰਦ ਬੰਦ ਕੱਟ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਮੋਤੀ ਮੈਹਰਾ ਜੀ ! ਸੱਚੇ ਸਤਿਗੁਰਾਂ ਦੇ ਪਰਮਪੂਜਨੀਕ ਮਾਤਾ ਗੁਜਰੀ ਕੌਰ ਜੀ 'ਤੇ ਛੋਟੇ ਸਾਹਿਬ-ਜ਼ਾਦਿਆਂ ਨੂੰ ਜ਼ਾਲਮਾਂ ਤੋਂ ਚੋਰੀ ਦੁੱਧ ਪਿਆ ਰਹੇ ਹਨ, ਮੋਤੀ ਮੈਹਰੇ ਜੀ ਨੂੰ ਪ੍ਰਵਾਰ ਸਮੇਤ ਜ਼ਾਲਮ ਹੁਣ ਕੋਹਲੂ 'ਚ ਪੀੜ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਟੋਡਰਮੱਲ ਸਾਹਿਬ ਜੀ ! ਪਰਮਪੂਜਨੀਕ ਬ੍ਰਿਧ ਮਾਤਾ ਗੁਜਰੀ ਕੌਰ ਜੀ ਛੋਟੇ ਸਾਹਿਬਜ਼ਾਦਿਆਂ ਜੀ 'ਤੇ ਸਤਿਕਾਰ ਸਸਕਾਰ ਲਈ, ਖੜ੍ਹੀਆਂ ਮੋਹਰਾਂ ਵਿਛਾ ਕੇ, ਉਨ੍ਹਾਂ ਦਾ ਹੁਣ ਸਸਕਾਰ ਕਰ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਬਾਬਾ ਉਦੇ ਸਿੰਘ ਸਾਹਿਬ ਜੀ ਹੁਣ ਹੰਕਾਰੀ ਕੇਸਰੀ ਚੰਦ ਦੀ ਫ਼ੌਜ਼ 'ਚ ਉਸ ਦਾ ਸਿਰ ਵੱਢ ਰਹੇ ਹਨ। ਸਿਰ ਨੂੰ ਬਰਛੇ 'ਤੇ ਟੰਗ ਕੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਚਰਨਕਮਲਾਂ ਪਾਸ ਸੁੱਟ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਪਿਆਰੇ ਮੋਹਕਮ ਸਿੰਘ ਸਾਹਿਬ ਜੀ ! ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ੀਸ਼ ਨੂੰ ਪ੍ਰਾਪਤ ਹੋ ਕੇ, ਘੋੜੇ 'ਤੇ ਅਸਵਾਰ, ਜਸਵਾਰੀਆਂ ਦੇ ਸ਼ਰਾਬੀ ਹਾਥੀ ਦਾ ਸੁੰਡ ਹੁਣ ਵੱਢ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਮਹਾਂ ਸਿੰਘ ਸਾਹਿਬ ਜੀ, ਗੁਰੂ ਹਿਤ ਧਰਮਯੁੱਧ ਜਿਤ ਕੇ ਅਪਣੇ ਸ੍ਰੀਰ 'ਤੇ ਬੇਅੰਤ ਫੱਟ ਸਹਾਰ ਕੇ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਤੋਂ ਹੁਣ ਬਿਦਾਵਾ ਪੜਵਾ ਰਹੇ ਹਨ, ਬਿਦਾਵਾ ਦੇਣ ਵਾਲਿਆਂ ਦੀ ਟੁੱਟੀ ਪ੍ਰੀਤ ਗੰਢਵਾ ਰਹੇ ਹਨ, **ਸਾਚੀ ਪ੍ਰੀਤਿ ਹਮ; ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ; ਅਵਰ ਸੰਗਿ ਤੋਰੀ॥** (੬੫੯) ਬਖ਼ਸ਼ਿਸ਼ਾਂ ਪਾ ਰਹੇ ਹਨ।



ਪਰਮਪੂਜਨੀਕ ਵਾਹਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਅਤਿਅੰਤ ਪਿਆਰੇ ਹਜ਼ਰਤ ਮੁਬਾਰਕ ਧੰਨ ਬਾਬਾ ਨਬੀ ਖਾਂ 'ਤੇ ਗਨੀ ਖਾਂ ਸਾਹਿਬ ਜੀ, ਸੱਚੇ ਸਤਿਗੁਰੂ ਸਾਹਿਬ ਜੀ ਦੇ ਪਲੰਘੇ ਨੂੰ ਅਪਣੇ ਮੋਢਿਆਂ 'ਤੇ ਚੁੱਕ ਕੇ, ਸ੍ਰੀ ਮਾਛੀਵਾੜੇ ਸਾਹਿਬ ਜੀ ਤੋਂ ਪਿੰਡ ਹੇਰਾਂ (ਲੁਧਿਆਣਾ) ਨੂੰ ਲਿਆ ਰਹੇ ਹਨ। ਵਾਹ ਵਾਹ ਵਾਹ ਸੱਚੇ ਸਤਿਗੁਰਾਂ ਦੀਆਂ ਪਰਮਪਵਿੱਤ੍ਰ ਖ਼ੁਸ਼ੀਆਂ ਪਾ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਪੀਰ ਬੁੱਧੂਸ਼ਾਹ ਸਾਹਿਬ ਜੀ! ਹੁਣ ਭੰਗਾਣੀ ਦੇ ਧਰਮਯੁੱਧ ਵਿਖੇ, **ਬਾਲਾਨ ਬਾਲ॥** ਵਾਹਿਗੁਰੂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਪੱਖ ਚ ਅਪਣੇ ਮੁਰੀਦਾਂ ਸਮੇਤ ਬਹਾਦਰੀ ਨਾਲ ਲੜ ਰਹੇ ਹਨ, ਅਪਣੇ ਪ੍ਰਵਾਰ ਸਮੇਤ ਸਤਿਗੁਰੂ ਸਾਹਿਬ ਜੀ ਲਈ ਸ਼ਹੀਦੀ ਪਾ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਨਗਾਹੀਆ ਸਿੰਘ ਸਾਹਿਬ ਜੀ! ਹੁਣ ਸੱਚੇ ਸਤਿਗੁਰਾਂ ਨੂੰ ਅਪਣੇ ਘੋੜੇ 'ਤੇ ਬਿਠਾ ਰਹੇ ਹਨ, ਸਤਿਗੁਰੂ ਸਾਹਿਬ ਜੀ ਨੂੰ ਘੋੜਾ ਅਰਪਣ ਤੋਂ, ਜ਼ਾਲਮ ਮੁਗਲ, ਬਾਬੇ ਜੀ ਦੇ ਪ੍ਰਵਾਰ ਨੂੰ ਹੁਣ ਸ਼ਹੀਦ ਕਰ ਰਹੇ ਹਨ।

ਧੰਨ ਧੰਨ ਧੰਨ ਪਰਮਪੂਜਨੀਕ ਬਾਬਾ ਦਾਨ ਸਿੰਘ ਸਾਹਿਬ ਜੀ, ਮਾਇਆ ਦਾ ਲਾਲਚ ਤਿਆਗ ਕੇ, ਗੁਪਤ-ਸਰ ਸਾਹਿਬ ਜੀ ਵਿਖੇ ਹੁਣ ਵਿਦਾਵਾ ਦੇਣ ਵਾਲਿਆਂ ਦੀ ਟੁੱਟੀ ਪ੍ਰੀਤ ਗੰਢਵਾ ਰਹੇ ਹਨ। **ਜੇ ਧਰਤੀ ਸਭ ਕੰਚਨੁ ਕਰਿ ਦੀਜੈ; ਬਿਨੁ ਨਾਵੈ. ਅਵਰੁ ਨ ਭਾਇਆ ਰਾਮ॥** ਗੁਰਬਾਣੀ ਕਮਾ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ, ਪੰਜ ਪਿਆਰੇ ਜੀ ਸਤਿਗੁਰੂ ਸਾਹਿਬ ਜੀ ਨੂੰ ਹੁਣ ਅਪਣੇ ਨਿਰਮਲ ਪਰਮਪਵਿੱਤ੍ਰ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਬਲਵਾਨ ਸੀਸ ਭੇਟਾ ਕਰ ਰਹੇ ਹਨ, ਉੱਚੇ ਰੁਤਬੇ ਪਾ ਰਹੇ ਹਨ, ਸੱਚੇ ਪਾਤਿਸ਼ਾਹ ਜੀ ਤੋਂ ਅੰਮ੍ਰਿਤ ਛਕ ਕੇ, ਸੱਚੇ ਪਾਤਿਸਾਹ ਜੀ ਨੂੰ ਅੰਮ੍ਰਿਤ ਛਕਾ ਰਹੇ ਹਨ।



ਸ੍ਰੀ ਭੰਗਾਣੀ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਜੀ ਦੇ ਧਰਮਯੁੱਧਾਂ 'ਚ ਸੱਚੇ ਪਾਤਿਸ਼ਾਹ ਜੀ ਦੇ ਪਿਆਰੇ ਹੁਣ ਬੇਅੰਤ ਫੱਟ ਸਹਾਰ ਕੇ ਹੁਣ ਸ਼ਹੀਦੀਆਂ ਪਾ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਬਾਬਾ ਬੰਦਾ ਸਿੰਘ ਬਹਾਦਰ ਸਾਹਿਬ ਜੀ! ਹੁਣ ਸਤਿਗੁਰੂ ਸਾਹਿਬ ਜੀ ਦੇ ਪਿਆਰੇ ਦੁਲਾਰੇ ਦੁੱਧ ਦੰਦੀਆਂ ਵਾਲੇ ਲਾਲਾਂ ਦੇ ਕਾਤਲ ਮਹਾਂ ਪਾਪੀ ਦੁਸ਼ਟ ਹੰਕਾਰੀ ਵਜ਼ੀਦੇ ਨੂੰ ਹੁਣ ਮਾਰ ਰਹੇ ਹਨ, ਹੁਣ ਮਹਾਂ ਨੀਚ ਮਹਾਂ ਚੰਡਾਲ ਝੂਠੇ ਨੰਦ ਦੇ ਨੱਕ ਚ ਨਕੇਲ ਪਾ ਕੇ ਘੱਗਰੀ ਪਾ ਕੇ ਨਚਾ ਰਹੇ ਹਨ, ਹੁਣ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਰਹੇ ਹਨ, ਹੁਣ ਬਜ਼ਾਰਾਂ ਚ ਹਲ਼ ਚਲਵਾ ਰਹੇ ਹਨ, ਪੂਰੇ ਗੁਰਾਂ ਦੇ ਸ਼ੁਭ ਅਮੋਲਕ ਬਚਨ ਕਮਾ ਰਹੇ ਹਨ, ਸਰਹਿੰਦ ਦੇ ਕਿਲੇ 'ਤੇ ਹੁਣ ਸ੍ਰੀ ਕੇਸਰੀ ਨਿਸ਼ਾਨ ਸਾਹਿਬ ਜੀ ਝੁਲਾ ਰਹੇ ਹਨ, ਸੰਢੌਰੇ ਦੇ ਜ਼ਾਲਮ ਹਾਕਮ ਅਸਮਾਨ ਖਾਂ ਨੂੰ ਫਾਹੇ ਟੰਗ ਰਹੇ ਹਨ। ਗੁਰੂ ਪੰਥ ਜੀ ਤੋਂ ਵਾਹ! ਵਾਹ! ਪਾ ਰਹੇ ਹਨ, ਦਿੱਲੀ ਜਾ ਕੇ ਆਪਣੀ ਸ਼ਹੀਦੀ ਪਾ ਰਹੇ ਹਨ।

ਲੇਖਕ ਪ੍ਰਕਾਸ਼ਕ:- ਬ੍ਰਹਮਵਿੱਦਿਆ ਦੇ ਦਾਤੇ, ਪੰਥ ਰਤਨ, ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰਉਪਕਾਰੀ ਚਰਨਕਮਲਾਂ ਦੇ, ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ. ਸਾਧ ਜਨਾ ਕਾ ਕੀੜਾ॥ ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ (ਮੋਗਾ)।

ਇਹ ਪਰਮਪਵਿੱਤ੍ਰ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਹੋਵੋ ਜੀ:-੧.ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਮ ਸੰਸਕਾਰ। ੨.ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ, ਸ੍ਰੀ ਦਮਦਮੀ ਟਕਸਾਲ। ੩.ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਣ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ। ੪.ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਬੰਸਾਵਲੀ। ੫.ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਦੇ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸਾਂ, ਗੁਰਪੁਰਬਾਂ ਦੀਆਂ ਅਰਦਾਸਾਂ। ੬.ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ, ਸ੍ਰੀ ਦਮਦਮੀ ਟਕਸਾਲ। ੭.ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ। ੮.ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ। ੯.ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ। ੧੦.ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼ ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼! ੧੧.ਪਰਮਪੂਜਨੀਕ ਦਸੇ ਪਾਤਿਸਾਹ ਮਿਹਰਵਾਨ ਭਗਵਾਨ ਬਖ਼ਸ਼ਦੇ ਹਨ ਚੰਗੇ ਇਖ਼ਲਾਕ ਦਾ ਦਾਨ।

ਗੁਰੂ ਪਿਆਰੀ ਸਾਧਸੰਗਤ ਜੀ ਆਪ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਨ੍ਹਾਂ ਪੋਥੀ ਸਾਹਿਬਾਨਾਂ ਦੀਆਂ ਰਿਕਾਰਡਿੰਗ ਭੀ ਦਾਸਨਦਾਸ ਤੋਂ ਗੁਰੂ ਸਾਹਿਬ

ਜੀ ਨੇ ਕਰਵਾਈ ਹੈ। ਇਨ੍ਹਾਂ ਨੂੰ (gursevak.com) ਤੋਂ ਪ੍ਰਾਪਤ ਕਰੋ। ਸੰਗਤ ਜੀ ਰਿਕਾਰਡਿੰਗ ਲਾ ਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ ਮਗਰ ਬੋਲਣਾ ਜੀ।

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ Audio Player ਪ੍ਰਾਪਤੀ ਲਈ: ੩੦੬-੫੮੦-੭੭੩੦ ਸੰਪਰਕ ਕਰੋ।

ਗੁਰੂ ਸੇਵਾ ਲਈ ਭੇਟਾ ਕਰਨ ਤੇ ਤੁਹਾਨੂੰ 'CANADIAN TAX RECEIPT' ਦਿੱਤੀ ਜਾਵੇਗੀ। ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ www.Gursevak.com/content/donate ਤੇ ਜਾ ਕੇ ਭੇਟਾ ਦੇਵੋ। ਦਾਸਨਦਾਸਾਂ ਦੀ ਸੇਵਾ ਸੰਸਥਾ DEAR FATHER BRAVE GURU GOD'S SLAVE SOCIETY. ਹੁਣ CANADA REVENUE AGENCY ਨਾਲ #84017-9444-RR0001 ਹੇਠਾਂ REGISTERED CHARITY ਹੈ।




**Learn Shudh Gurbani App**

ੴ ਸਤਿਗੁਰ ਪ੍ਰਸਾਦਿ॥ ਸਲੋਕ ਮਹਲਾ ੯॥

ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਦੇ ਅਮੋਲਕ ਹੁਕਮ,

ਪਰਮਪਵਿੱਤ੍ਰ ਭੋਗ ਦੇ ਸਲੋਕਾਂ ਦੀ ਉਥਾਨਕਾ

ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦੇ ਅਤੀ ਪਿਆਰੇ ਸਵਾਰੇ ਗੁਰਸੇਵਕ ਭਾਈ ਮਤੀਦਾਸ ਸਾਹਿਬ ਜੀ, ਭਾਈ ਦਿਆਲਦਾਸ ਸਾਹਿਬ ਜੀ ਅਤੇ ਭਾਈ ਸਤੀਦਾਸ ਸਾਹਿਬ ਜੀ ਸਭ ਸ਼ਹੀਦ ਹੋ ਚੁੱਕੇ ਸਨ। ਆਪ ਜੀ ਦੇ ਬਲ ਤੋਂ ਡਰਦੇ, ਪਾਪੀ ਨੌਰੰਗੇ ਨੇ ਆਪ ਜੀ ਨੂੰ ਇੱਕ ਦਰ ਦੇ ਅੱਗੇ ਦੂਜਾ ਦਰ, ਤੀਜੇ ਲੋਹੇ ਦੇ ਤੰਗ ਪਿੰਜਰੇ 'ਚ, ਤਿੰਨਾਂ ਦਰਾਂ ਨੂੰ ਜਿੰਦੇ ਲਾ ਕੇ ਕੈਦ ਕਰ ਦਿਤੇ, ਪਿੰਜਰੇ ਉਦਾਲੇ ਨੰਗੀ ਤਲਵਾਰ ਦਾ ਪਹਿਰਾ ਲਾ ਦਿਤਾ। ਦੋਹਿਰਾ॥ ਸਭ ਤਰ੍ਹਾਂ ਤਸੱਲੀ ਕਰਿ, ਲੋਹ ਪਿੰਜਰੇ ਪਾਇ। ਗੁਰਦਿਤਾ ਬੇਰੀ ਸਹਿਤ, ਸੇਵਹਿ ਜਿਮ ਫੁਰਮਾਇ॥੧॥ ਇਹ ਪ੍ਰੇਮ ਸਿਦਕ ਦੀ ਸਿੱਖੀ ਸੇਵਕੀ ਕਹੀਦੀ ਹੈ। ਨਿਰਵੈਰੁ ਨਿਰਭਉ ਧੰਨ ਸਤਿਗੁਰੂ ਸਾਹਿਬ ਜੀ ਪਿੰਜਰੇ 'ਚ ਇੱਕ ਰਸ ਖ਼ੁਦਾ ਦੇ ਰੰਗ 'ਚ ਸੁਮੇਰ ਪਰਬਤ ਵਾਂਗ ਅਡੋਲ ਬੈਠੇ ਹਨ। ਯਥਾ:- ਦੋਹਿਰਾ॥ ਸਿੱਖਨ ਕੋਟਨ ਕੀ ਕੈਦ ਕੋ, ਇੱਕ ਬਚ ਕਰੇ ਖਲਾਸ। ਸੋ ਤੁਰਕੇਸਰ ਕੈਦ ਮਹਿੰ, ਪਰਖੋ ਗੁਰੂ ਬਲਾਸ॥ ਆਪ ਜੀ ਕੇਤਿਆ; ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ; ਦਾਤਾਰ॥ ਵਾਲੀ ਦਸ਼ਾ 'ਚ ਨਿਰਲੇਪ ਹਨ। ਪਿੰਜਰੇ ਅੰਦਰ ਗੋਲ਼ਦਾਇਰੇ 'ਚ ਤਿੱਖੇ ਕਿੱਲ ਲੱਗੇ ਹੋਣ ਕਾਰਨ, ਵਿੱਚ ਬੈਠਣਾ ਬਹੁਤ ਹੀ ਔਖਾ ਸੀ। ਇਹ ਸਖ਼ਤੀ ਦੀ ਹੱਦ ਸੀ।

ਆਪ ਜੀ ਨੇ ਬਾਬੇ ਬਕਾਲੇ, ਛੱਬੀ ਸਾਲ ਨੌਂ ਮਹੀਨੇ ਤੇਰਾਂ ਦਿਨ ਵਿਸਮਾਦ ਇਕਾਗ੍ਰਤਾ 'ਚ ਸਾਵਧਾਨ ਬੈਠ ਕੇ ਸਿਮਰਨ ਕੀਤਾ, ਇਸ ਕਰਕੇ ਸਿਮਰਨ ਦਾ ਅਭਿਆਸ ਪ੍ਰਪੱਕ ਸੀ, ਇਸ ਕਰਕੇ ਸੱਚੇ ਸਤਿਗੁਰੂ ਜੀ, ਸਾਵਧਾਨ ਏਕਾਗਰ ਚੀਤ॥ ਹੋ ਕੇ ਤਿੱਖੇ ਕਿੱਲਾਂ ਵਿਚਕਾਰ ਅਡੋਲ ਸਿੱਧੇ ਸਿਮਰਨ 'ਚ ਲੀਨ ਬੈਠੇ ਰਹਿੰਦੇ। ਨੀਦ ਗਈ. ਹਉਮੈ ਤਨਿ ਥਾਕੀ; ਸਚ ਮਤਿ ਰਿਦੈ ਸਮਾਈ॥੩॥ ਅਨੁਸਾਰ ਉਣੀਂਦ੍ਰਾ ਕੁਬੋਲ ਭੁੱਖ ਤ੍ਰੇਹ ਸਹਾਰਦਿਆਂ ਨਾਮ 'ਚ ਲੀਨ ਰਹੇ। ਯਥਾ:- ਇਕਿ; ਨਿਰੰਕਾਰੀ ਨਾਮ ਆਧਾਰਿ॥) ਗੁਰਮੁਖਿ ਅੰਤਰਿ ਸਹਜੁ ਹੈ; ਮਨੁ ਚੜਿਆ ਦਸਵੈ ਆਕਾਸਿ॥ ਤਿਥੈ. ਊਂਘ ਨ ਭੁਖ ਹੈ; ਹਰਿ ਅੰਮ੍ਰਿਤ ਨਾਮੁ ਸੁਖਵਾਸੁ॥ ਅਹੰਕਾਰੀਆਂ ਦੇ ਦਿਤੇ ਕਸ਼ਟਾਂ ਨੂੰ ਸਹਾਰਦਿਆਂ ਸ੍ਰੀਰ ਭਾਵੇਂ ਲਿੱਸਾ

ਹੋ ਗਿਆ, ਪਰ ਚੇਹਰਾ ਧੀਰਜ ਖਿਮਾ ਸਹਿਜ ਭਰੇ ਜਮਾਲ ਜਲਾਲ ਸਹਿਤ ਨੂਰੋ ਨੂਰ ਜਗਮਗੌਂਦਾ ਰਿਹਾ। ਯਥਾ:- ਲਾਲ ਰੰਗੁ ਤਿਸ ਕਉ ਲਗਾ; ਜਿਸ ਕੇ ਵਡਭਾਗਾ॥) ਧੀਰਜ ਮਨਿ ਭਏ ਹਾਂ॥ ਜਮਾਂਦਾਰ ਭੀ ਸਤਿਗੁਰੂ ਜੀ ਦਾ ਸ਼ਰਧਾਲੂ ਬਣ ਚੁੱਕਾ ਸੀ।

ਸ੍ਰੀ ਅਨੰਦਪੁਰ ਸਾਹਿਬ ਜੀ ਤੋਂ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ, ਪਰਮਪੂਜਨੀਕ ਸੱਚੇ ਸਤਿਗੁਰੂ ਪਿਤਾ ਜੀ ਦੀ ਖ਼ਬਰ ਲੈਣ ਲਈ ਇੱਕ ਸਿੱਖ ਦਿੱਲੀ ਭੇਜਿਆ, ਜੋ ਸ੍ਰੀ ਬਾਬੇ ਗੁਰਦਿਤੇ ਜੀ ਨੂੰ ਮਿਲਿਆ। ਬਾਬਾ ਜੀ ਨੇ ਸੱਚੇ ਸਤਿਗੁਰੂ ਸਾਹਿਬ ਜੀ ਤੋਂ ਆਗਿਆ ਮੰਗੀ। ਸਤਿਗੁਰੂ ਸਾਹਿਬ ਜੀ ਨੇ ਜਮਾਂਦਾਰ ਨੂੰ ਕਹਿ ਕੇ ਸਿੱਖ ਨੂੰ ਪਾਸ ਬੁਲਾਇਆ ਜੀ। ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਨੂੰ ਲੋਹੇ ਦੇ ਪਿੰਜਰੇ ’ਚ ਕੈਦ ਦੇਖ ਕੇ ਸਿੱਖ ਦੇ ਨੇਤ੍ਰਾਂ ’ਚੋਂ ਜਲ ਵਹਿ ਤੁਰਿਆ।

ਪ੍ਰੇਮੀ ਸਿੱਖ ਨੇ ਹੱਥ ਜੋੜ ਕੇ ਪੂਰਨ ਪ੍ਰੇਮ ਸਹਿਤ ਨਮਸਕਾਰ ਕੀਤੀ, ਦਿਲ ਨੂੰ ਥੰਮ ਕੇ ਕਿਹਾ, “ਪਰਮਪੂਜਨੀਕ ਬ੍ਰਿਧ ਮਾਤਾਵਾਂ ਨਾਨਕੀ ਜੀ ਤੇ ਗੁਜਰੀ ਕੌਰ ਜੀ ਦੋਵੇਂ ਬਹੁਤ ਵੈਰਾਗ ਕਰਦੀਆਂ ਹਨ। ਆਪ ਜੀ ਦੇ ਪਿਆਰੇ ਸਾਹਿਬਜ਼ਾਦੇ ਜੀ, ਉਨ੍ਹਾਂ ਪਾਸ ਆਪ ਜੀ ਦੀ ਭਾਰੀ ਮਹਿਮਾ ਇਉਂ ਕਰਦੇ ਹਨ,” “ਤੁਸੀਂ ਉਨ੍ਹਾਂ ਬਾਰੇ ਚਿੰਤਾ ਨਾ ਕਰੋ, ਉਹ ਕਰਨ ਕਾਰਨ ਸਮਰੱਥ, ਸ੍ਰਬ ਸ਼ਕਤੀਆਂ ਦੇ ਮਾਲਕ ਹਨ। ਯਥਾ:- ਸਤਿਗੁਰੁ ਮੇਰਾ; ਵਡ ਸਮਰਥਾ॥

ਕੁਰਬਾਨੀ ਸ਼ਹੀਦੀ ਦੇਣ ਦੀ ਇਹ ਸਾਰੀ ਖੇਲ੍ ਉਨ੍ਹਾਂ ਨੇ ਆਪ ਹੀ ਰਚੀ ਹੈ।” “ਇਤਿ ਆਦਿ ਜਸ ਕਰਕੇ ਭਾਵੇਂ ਧੀਰਜ ਧਰੌਂਦੇ ਹਨ, ਤਾਂ ਭੀ ਧੀਰਜ ਨਹੀਂ ਧਾਰਦੀਆਂ। ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਦਾਸਨਦਾਸ ਨੂੰ ਹੁਕਮ ਕੀਤਾ ਹੈ ਕਿ ਪਰਮਪੂਜਨੀਕ ਸੱਚੇ ਸਤਿਗੁਰੂ ਪਿਤਾ ਜੀ ਦਾ ਹੁਕਮ ਲਿਖਵਾ ਕੇ ਲਿਆ, ਜਿਸ ਨੂੰ ਪੜ੍ ਸੁਣ ਕੇ ਸਭ ਪ੍ਰੇਮੀਆਂ ਨੂੰ ਧੀਰਜ ਆਵੇ। ਸਾਰੇ ਪ੍ਰੇਮੀ ਆਪ ਜੀ ਨੂੰ ਅਤਿਅੰਤ ਪ੍ਰੇਮ ਵੈਰਾਗ ਸਹਿਤ ਯਾਦ ਕਰਕੇ ਚਿੰਤਤ ਹੋ ਰਹੇ ਹਨ।”

ਇਹ ਸੁਣ ਕੇ ਰਾਮ ਨਰਾਇਣ ਗੋਬਿੰਦ ਹਰਿ ਸਰੂਪ ਸੱਚੇ ਨਾਮ ਦੇ ਸੱਚੇ ਦਾਤੇ, ਅੰਤਰਜਾਮੀ ਸਮਰੱਥ ਸੁਆਮੀ, ਸ੍ਰਬ ਪ੍ਰਕਾਸਕ, ਪਾਪ ਬਿਨਾਸਕ ਸਤਿਗੁਰੂ ਪ੍ਰਮੇਸਰ ਜੀ ਨੇ ਪ੍ਰੇਮੀ ਦਰੋਗੇ ਤੋਂ ਕਾਗਜ਼ ਕਲਮ ਸਿਆਹੀ ਮੰਗਵਾ ਕੇ, ਲੋਹੇ ਦੇ ਤੰਗ ਪਿੰਜਰੇ ’ਚ ਤਿੱਖੇ ਕਿੱਲਾਂ ਵਿਚਕਾਰ ਬੈਠਿਆਂ,

ਸਲੋਕ ਮਹਲਾ ੯॥ ਗੁਨ ਗੋਬਿੰਦ ਗਾਇਓ ਨਹੀ; ਜਨਮੁ ਅਕਾਰਥ ਕੀਨ॥ ਕਹੁ ਨਾਨਕ. ਹਰਿ ਭਜੁ ਮਨਾ; ਜਿਹਿ ਬਿਧਿ ਜਲ ਕੌ ਮੀਨ॥ ਸ੍ਰਬੱਤ ਦੇ ਭਲੇ ਹਿਤ ਭੋਗ ਦੇ ਪੂਰਨ ਵੈਰਾਗਮਈ ਇਹ ਸੱਤਵਿੰਜਾਂ ਸਲੋਕ ਲਿਖ ਕੇ, ਵੈਰਾਗਮਈ ਗੁਰਬਾਣੀ ਜੀ ਪ੍ਰੇਮੀ ਸਿੱਖ ਨੂੰ ਬਖ਼ਸ਼ ਕੇ, ਸ੍ਰੀ ਅਨੰਦਪੁਰ ਸਾਹਿਬ ਜੀ ਭੇਜੇ। ਹੁਣ ਸਤਿਗੁਰੂ ਮਹੱਲਾ ਨਾਵਾਂ ਜੀ ਲੋਹੇ ਦੇ ਤੰਗ ਪਿੰਜਰੇ 'ਚ ਗੋਲ਼ ਦਾਇਰੇ ਤਿੱਖੇ ਤੀਰਾਂ ਵਿਚਕਾਰ ਬੈਠੇ, ਗੁਰਮੁਖਿ ਨਿਰਲੇਪ ਅਵਸਥਾ 'ਚ ਲੀਨ, ਮਹਾਂ ਵੈਰਾਗਮਈ ਸ਼ੁਭ ਸੱਚੇ ਮਿੱਠੇ ਸਲੋਕ ਸਰਬੱਤ ਦੇ ਭਲੇ ਲਈ ਫ਼ੁਰਮਾ ਰਹੇ ਹਨ:-

ਪ੍ਰੇਮ ਬਿਨੈ:- ਅੰਮ੍ਰਿਤ ਇਲਾਹੀ ਸਲੋਕ ਅਤੇ ਸਲੋਕਾਂ ਦੇ ਅਰਥ ਪੜ੍ਹਨ ਸਮੇਂ, ਅਪਣੀ ਸੁਰਤਿ ਸੱਚੇ ਕੰਤ ਸੱਚੇ ਭਗਵੰਤ, ਪਾਰਬ੍ਰਹਮ ਬਿਅੰਤ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦੇ ਸੱਚੇ ਮਿੱਠੇ ਪਰਉਪਕਾਰੀ ਚਰਨਕਮਲਾਂ 'ਚ ਟਿਕਾਉ ਜੀ। ਜਿਨ੍ਹਾਂ ਨੇ ਮਹਾਨ ਪਰਉਪਕਾਰ ਕਰਕੇ, ਸਾਨੂੰ ਅਕ੍ਰਿਤਘਨਾਂ ਨੂੰ ਬਚੌਣ ਲਈ, ਅੰਤਰਜਾਮੀ ਸਮਰੱਥ ਸੁਆਮੀ ਸੱਚੇ ਵਾਹਿਗੁਰੂ ਜੀ ਨਾਲ ਜੋੜਣ ਲਈ, ਸ਼ਾਂਤੀ ਠੰਢ ਸੁਖ ਲਿਔਣ ਵਾਲੀ ਅੰਮ੍ਰਿਤ ਗੁਰਬਾਣੀ ਜੀ ਬਖ਼ਸ਼ਣ ਲਈ, ਆਪ ਬਿਅੰਤ ਅਕਹਿ ਅਸਹਿ ਕਸ਼ਟ ਸਹਾਰ ਕੇ, ਅਪਣੇ ਸੱਚੇ ਸੁੱਚੇ ਉੱਚੇ ਪਰਉਪਕਾਰੀ ਸੀਸ ਸਾਹਿਬ ਜੀ ਕੁਰਬਾਨ ਕੀਤੇ। ਯਥਾ:- ਹਮਰੈ ਮਸਤਕਿ ਦਾਗੁ ਦਗਾਨਾ; ਹਮ ਕਰਜ ਗੁਰੂ ਬਹੁ ਸਾਢੇ॥ ਅਪਣੇ ਆਪ ਨੂੰ ਚਾਂਦਨੀ ਚੌਕ ਦਿੱਲੀ ਵਿਖੇ ਸਤਿਗੁਰੂ ਸਾਹਿਬ ਜੀ ਅਤੇ ਗੁਰਮੁਖਿ ਮਹਾਂਪੁਰਖਾਂ ਨੂੰ ਹੁਣ ਸ਼ਹੀਦ ਹੁੰਦੇ ਦੇਖਦਿਆਂ ਪੂਰਨ ਪ੍ਰੇਮ, ਪੂਰਨ ਸ਼ਰਧਾ, ਰੋਮ ਰੋਮ ਦੇ ਪਿਆਰ ਨਾਲ ਸ਼ਹੀਦੀ ਜਪੋ, ਗੁਰਬਾਣੀ ਗਾਉ, ਅਰਥ ਪੜ੍ਹੋ, ਨਮਸਕਾਰਾਂ ਕਰੋ ਜੀ ਰਾਮ ਜੀ!

ਪਰਮਪੂਜਨੀਕ (੧ਓ) ਇੱਕ ਪ੍ਰਕਾਸ਼ ਸਰੂਪ, ਸਰਬ ਕਲਾ ਭਰਪੂਰ ਪ੍ਰਭ; ਨਿਰਗੁਨ ਵਾਹਿਗੁਰੂ ਨਿਰੰਕਾਰ ਜੀ ਦੇ ਸਰਗੁਨ ਸਰੂਪ, ਸਤਿਗੁਰ ਮਹੱਲਾ ਨੌਵਾਂ ਪੂਰਨ ਬ੍ਰਹਮ ਜੀ, ਆਪ ਲੋਹੇ ਦੇ ਤੰਗ ਪਿੰਜਰੇ ’ਚ ਗੋਲ਼ ਦਾਇਰੇ ਤਿੱਖੇ ਤੀਰਾਂ ਵਿਚਕਾਰ ਬੈਠ ਰਹੇ ਹਨ। ਆਪ ਜੀ ਨੂੰ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ ਭਾਵ ਸ੍ਰਬ ਵਿਆਪੀ ਮਹਾਂ ਵਿਸਮਾਦ ਅਗਮ ਅਪਾਰ ਕ੍ਰਿਪਾ ਸਰੂਪ, ੧ਓ ਵਾਹਿਗੁਰੂ ਜੀ, ਅਜਪਾ ਜਾਪ ਕਰਦਿਆਂ ਅੰਦਰ ਬਾਹਰ ਸਾਖਿਆਤ ਹੋ ਰਹੇ ਹਨ। ਯਥਾ:- ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥੫॥) ਜਹ. ਝਿਲਿਮਿਲਿਕਾਰੁ ਦਿਸੰਤਾ॥ ਤਹ. ਅਨਹਦ ਸਬਦ ਬਜੰਤਾ॥

ਗੁਰੂ ਪ੍ਰਮੇਸਰ ਜੀ ਆਪਣੇ ਪਰਮਪੂਜਨੀਕ ਗੁਰਦੇਵ ਜੀ ਦਾ ਆਦਿ ’ਚ, ਮਹਾਂ ਵਿਸਮਾਦ ਰੰਗਲਾ ਅਨੰਦੀ ਮੰਗਲ ਜਸ ਕਰਦੇ ਹਨ। ਪਰਮਪੂਜਨੀਕ (੧ਓ) ਇੱਕ ਅਦ੍ਵੈਤ ਰੂਪ ਓਅੰਕਾਰ ਸ੍ਰਬ ਪ੍ਰਕਾਸ਼ਕ, ਵਾਹਿਗੁਰੂ ਬ੍ਰਹਮ ਨਿਰਗੁਨ ਨਿਰੰਕਾਰ ਜੀ ਦੇ ਸਰਗੁਨ ਸਰੂਪ ਦਸਾਂ ਹੀ ਪਾਤਿਸ਼ਾਹਾਂ ਦੀ ਜਾਗਦੀ ਇੱਕ ਜੋਤਿ, ਗੁਰਤਾ ਬਿਰਾਜਮਾਨ (ਸਤਿਗੁਰ) ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇੰਦ੍ਰਿਆਂ ਦੇ (ਪ੍ਰ+ਸਾਦਿ) (ਸਾਦਿ) ਸੁਆਦ (ਪ੍ਰ) ਪਰੇ ਭਾਵ ਰਹਿਤ, ਨਿਰੇ (ਪ੍ਰਸਾਦਿ) ਅਨੰਦ ਹੀ ਅਨੰਦ ਸਰੂਪ, ਅਗਮ ਅਪਾਰ ਨਿਰੇ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ ਪ੍ਰਕਾਸ਼ ਸਰੂਪ ਹਨ। ਜੋ ਹਰ ਵੇਲੇ ਅੱਗ ਦੇ ਸਮੁੰਦ੍ਰ ਸੰਸਾਰ ’ਤੇ, ਕ੍ਰਿਪਾ ਹੀ ਕ੍ਰਿਪਾ ਕਰਦੇ ਹਨ, ਹਰ ਸਮੇਂ ਸੰਸਾਰ ’ਚ ਲੱਗੀ ਅੱਗ ਨੂੰ, ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕਰਕੇ, ਬੁਝੌਂਦੇ ਰਹਿੰਦੇ ਹਨ। ਹੰਕਾਰੀ ਵਿਕਾਰੀ ਮੰਦ ਕਰਮੀ ਗਲ਼ੇ ਸੜੇ ਦਾਸਨਦਾਸ ਜੈਸੇ, ਕੋੜ੍ਹੀ ਜੀਵ ’ਤੇ ਭੀ ਕ੍ਰਿਪਾ ਕਰਕੇ, ਉਸ ਨੂੰ ਗੁਰਬਾਣੀ ਜੀ ਬਖ਼ਸ਼ ਕੇ, ਨਿਹਾਲ ਕਰਦੇ ਰਹਿੰਦੇ ਹਨ।

ਗੁਰੂ ਪ੍ਰਮੇਸਰ ਜੀ, ਸਦਾ ਸਦਾ; ਇਹੁ ਭੂਲਨਹਾਰੁ॥ ਜੀਵ ਨੂੰ ਬਖ਼ਸ਼ਣ ਲੱਗਿਆਂ, ਇਸ ਦੇ ਔਗੁਣ ਦੀ ਵੀਚਾਰ ਨਹੀਂ ਕਰਦੇ, ਝੱਟ ਹੀ ਬਖ਼ਸ਼ ਲੈਂਦੇ ਹਨ। ਯਥਾ:- ਗੁਣੁ ਅਵਗੁਣੁ ਮੇਰਾ. ਕਿਛੁ ਨ ਬੀਚਾਰਿਆ; ਬਖਸਿ ਲੀਆ ਖਿਨ ਮਾਹੀ॥ ਅਪਣੀ ਅਗਮ ਅਪਾਰ ਕ੍ਰਿਪਾ ਦੁਆਰਾ, ਹਰ ਰਿਦੇ ਹਰ ਘਰ, ਅਨੰਤ ਬ੍ਰਹਮੰਡ ਦੇ ਸਾਰੇ ਪਸਾਰੇ ਨੂੰ ਸੱਚਖੰਡ ਬਣੌਂਦੇ ਹਨ। (ਸਤਿਗੁਰ) ਸਭ ਤੇ ਵਡਾ ਸਤਿਗੁਰੁ ਨਾਨਕੁ; ਅਨੁਸਾਰ (ਸਤਿ+ਗੁਰ) (ਗੁਰ) ਵੱਡੇ (ਗੁਰ) ਪੂਜਨੀਕ (ਸਤਿ) ਸੱਚੇ (ਗੁਰ) ਨਿਰੇ ਪ੍ਰਕਾਸ਼ ਹੀ ਪ੍ਰਕਾਸ਼

(੧ੴ) ਦ੍ਵੈਤ ਰਹਿਤ, ਇੱਕ ਵਾਹਿਗੁਰੂ ਜੀ, ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਂ ਵਿਸਮਾਦ ਅਗਮ ਅਪਾਰ ਸੱਚੀ (ਪ੍ਰਸਾਦਿ) ਕ੍ਰਿਪਾ ਨਾਲ ਪ੍ਰਾਪਤ ਹੁੰਦੇ ਹਨ।

ਨਾਵਾਂ- ਸਲੋਕ ਮਹਲਾ ੯॥

ਸਲੋਕ ਮਹਲਾ ੯॥ ਵਾਹਿਗੁਰੂ ਧੰਨ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਜੀ ਧੰਨ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਦੇ (੯) ਨੌਵੇਂ (ਮਹਲਾ) ਸਰੂਪ ਹੁਣ ਲੋਹੇ ਦੇ ਤੰਗ ਪਿੰਜਰੇ 'ਚ ਗੋਲ਼ ਦਾਇਰੇ ਤਿੱਖੇ ਤੀਰਾਂ ਵਿਚਕਾਰ ਬੈਠੇ, ਗੁਰਮੁਖਿ ਨਿਰਲੇਪ ਅਵਸਥਾ 'ਚ ਲੀਨ, ਮਹਾਂ ਵੈਰਾਗਮਈ ਸ਼ੁਭ ਸੱਚੇ ਮਿੱਠੇ ਸਲੋਕ ਸਰਬੱਤ ਦੇ ਭਲੇ ਲਈ ਫ਼ੁਰਮਾ ਰਹੇ ਹਨ:-

ਗੁਨ ਗੋਬਿੰਦ ਗਾਇਓ ਨਹੀ; ਜਨਮੁ ਅਕਾਰਥ ਕੀਨ॥

ਪਹਿਲਾ ਅਰਥ:- ਹੇ ਮਨ! ਤੂੰ, (ਗੋਬਿੰਦ) ਗੁਰ ਨਾਨਕਦੇਵ; ਗੋਵਿੰਦ ਰੂਪ॥ ਪਹਿਲੇ ਅੱਠ ਪਾਤਸ਼ਾਹੀਆਂ ਜੀ ਦੇ ਅਮੁੱਲ (ਗੁਨ) ਗੁਣਾਂ ਨੂੰ, ਅਥਵਾ (ਗੁਨ) ਪਰਉਪਕਾਰਾਂ ਨੂੰ (ਗਾਇਓ) ਗਾਇਆ ਨਹੀ। ਜਿਸ ਕਰਕੇ ਇਹ ਦੁਰਲੱਭ ਮਨੁੱਖਾ ਜਨਮੁ (ਅਕਾਰਥ) ਵਿਅਰਥ (ਕੀਨ) ਕਰ ਲਿਆ ਹੈ। ਯਥਾ:- ਬਿਨੁ ਸਿਮਰਨ. ਜੋ ਜੀਵਨੁ ਬਲਨਾ; ਸਰਪ ਜੈਸੇ ਅਰਜਾਰੀ॥ ਨਵਖੰਡਨ ਕੋ ਰਾਜੁ ਕਮਾਵੈ; ਅੰਤਿ ਚਲੈਗੋ ਹਾਰੀ॥੧॥) ਬਿਨੁ ਸਿਮਰਨ; ਜੈਸੇ ਸਰਪ ਆਰਜਾਰੀ॥ ਤਿਉ ਜੀਵਹਿ ਸਾਕਤ; ਨਾਮੁ ਬਿਸਾਰੀ॥੧॥) ਕਹਤ ਕਬੀਰੁ ਰਾਮ ਭਜੁ ਬਉਰੇ; ਜਨਮੁ ਅਕਾਰਥ ਜਾਤ॥੪॥੧॥

ਦੂਜਾ ਅਰਥ:- ਗੁਰਮੁਖਿ ਸਨਮੁਖ ਗੁਰਸੇਵਕ ਜੀ ਨੇ (ਗੋਬਿੰਦ) ਸੱਚੇ ਕੰਤ ਭਗਵੰਤ ਵਾਹਿਗੁਰੂ ਜੀ ਦੇ ਸੱਚੇ ਪਰਉਪਕਾਰੀ ਨਿਰਮਲ (ਗੁਨ) ਗੁਣਾਂ ਨੂੰ ਰੋਮ ਰੋਮ ਕਰਕੇ ਰੋਮ ਰੋਮ ਦੇ ਪਿਆਰ ਨਾਲ (ਗਾਇਓ) ਗਾਏ। ਉਨ੍ਹਾਂ ਵਡਭਾਗੀ ਗੁਰਮੁਖਾਂ ਨੇ ਅਪਣਾ ਜਨਮੁ (ਅਕਾਰਥ) ਵਿਅਰਥ ਨਹੀ (ਕੀਨ) ਕੀਤਾ। ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਦੇ ਗੁਣ ਗਾ ਕੇ, ਅਪਣਾ ਜਨਮ ਸਫਲਾ ਕੀਤਾ, ਜਿਵੇਂ ਅਮਰ ਸ਼ਹੀਦ ਗੁਰਮੁਖਿ ਸੱਚੇ ਬ੍ਰਹਮ ਸਰੂਪ ਭਾਈ ਦਇਆਲਦਾਸ ਸਾਹਿਬ ਜੀ, ਅਮਰ ਸ਼ਹੀਦ ਗੁਰਮੁਖਿ ਸੱਚੇ ਬ੍ਰਹਮ ਸਰੂਪ ਭਾਈ ਸਤੀਦਾਸ ਸਾਹਿਬ ਜੀ ਅਤੇ ਅਮਰ ਸ਼ਹੀਦ ਗੁਰਮੁਖਿ ਸੱਚੇ ਬ੍ਰਹਮ ਸਰੂਪ ਭਾਈ ਮਤੀਦਾਸ ਸਾਹਿਬ ਜੀ ਨੇ ਸਤਿਗੁਰੂ ਸਾਹਿਬ ਜੀ ਦੇ ਸਨਮੁਖ ਰਹਿ ਕੇ ਰੋਮ ਰੋਮ ਨਾਲ ਅਕਾਲਪੁਰਖੁ ਵਾਹਿਗੁਰੂ ਜੀ ਦੇ ਸੱਚੇ ਸੁੱਚੇ ਉੱਚੇ ਮਹਾਂ ਵਿਸਮਾਦ ਗੁਣ ਗਾਏ। ਯਥਾ:- ਵਿਸਰੁ ਨਾਹੀ.

ਦਾਤਾਰ; ਆਪਣਾ ਨਾਮੁ ਦੇਹੁ॥ ਗੁਣ ਗਾਵਾ ਦਿਨੁ ਰਾਤਿ; ਨਾਨਕ ਚਾਉ ਏਹੁ॥੮॥੨॥੫॥੧੬॥) ਆਰਾ ਪਿਆਰਾ ਲਗਤ ਹੈ, ਕਾਰਾ ਕਰਉ ਬਨਾਇ। ਸਿਰ ਜਾਇ ਤ ਜਾਇ, ਮੇਰਾ ਸਿੱਖੀ ਸਿਦਕ ਨ ਜਾਇ।

ਭਜੁ, ਬਿਧਿ: ਪੋਲਾ ਬੋਲੋ- ਕਹੁ ਨਾਨਕ. ਹਰਿ ਭਜੁ ਮਨਾ; ਜਿਹਿ ਬਿਧਿ ਜਲ ਕੌ ਮੀਨ॥੧॥

ਪਾਰਬ੍ਰਹਮ ਕੇ ਗੁਰ ਅਵਤਾਰ ਪਰਮਪੂਜਨੀਕ (ਨਾਨਕ) ਸੱਚੇ ਕੰਤ ਸੱਚੇ ਭਗਵੰਤ, ਪਾਰਬ੍ਰਹਮ ਬਿਅੰਤ ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- ਹੇ ਮਨਾ! ਹਰਿ ਸਰੂਪ ਸਤਿਗੁਰੂ ਸਾਹਿਬਾਨ ਜੀ ਨੂੰ (ਭਜੁ) ਭਜਨਾ ਕਰ। (ਜਿਹਿ) ਜਿਸ (ਬਿਧਿ) ਤਰ੍ਹਾਂ (ਮੀਨ) ਮਛੁਲੀ (ਕੌ) ਦਾ ਜੀਵਨ ਜਲ ਹੈ, ਜਲ ਤੋਂ ਬਿਨਾ ਥੋੜੇ ਤੋਂ ਥੋੜਾ ਸਮਾਂ ਭੀ ਨਹੀਂ ਰਹਿ ਸਕਦੀ। ਯਥਾ:- ਜਿਉ ਮਛੁਲੀ ਬਿਨੁ ਪਾਣੀਐ; ਕਿਉ ਜੀਵਣੁ ਪਾਵੈ॥) ਜੈਸੀ ਮਛੁਲੀ ਨੀਰ, ਇਕੁ ਖਿਨੁ ਭੀ. ਨਾ ਧੀਰੇ; ਮਨ ਐਸਾਨੇਹੁ ਕਰੇਹੁ॥ ਇਉਂ ਤੂੰ, ਮੈ ਗੁਰਬਾਣੀ ਆਧਾਰੁ ਹੈ; ਅਨੁਸਾਰ ਅਪਣਾ ਜੀਵਨ ਪਰਮਪਵਿੱਤ੍ਰ ਨਿਰੰਕਾਰ ਸਰੂਪ ਗੁਰਬਾਣੀ ਜੀ ਨੂੰ ਬਨੌਣਾ ਕਰ। ਯਥਾ:- ਆਖਾ ਜੀਵਾ; ਵਿਸਰੈ ਮਰਿ ਜਾਉ॥) ਮਰਣੰ. ਬਿਸਰਣੰ ਗੋਬਿੰਦਹ॥ ਜੀਵਣੰ. ਹਰਿ ਨਾਮ ਧ੍ਯਾਵਣਹ॥ ਮੱਛੀ ਵਾਂਗ, ਸੱਚੇ ਕੰਤ ਭਗਵੰਤ ਵਾਹਿਗੁਰੂ ਜੀ ਦੇ ਪ੍ਰੇਮ ਰੂਪੀ ਜਲ, ਨਾਮ ਜਲ ’ਚ ਰਹਿਣਾ ਕਰ। ਯਥਾ:- ਮੋਹਿ ਮਛੁਲੀ. ਤੁਮ ਨੀਰ; ਤੁਝ ਬਿਨੁ ਕਿਉ ਸਰੈ॥

ਬਿਖਿਅਨ ਸਿਉ ਕਾਹੇ ਰਚਿਓ; ਨਿਮਖ. ਨ ਹੋਹਿ ਉਦਾਸ॥

(ਬਿਖਿਅਨ) ਵਿਸ਼ਿਆਂ (ਸਿਉ) ਨਾਲ (ਕਾਹੇ) ਕਿਸ ਵਾਸਤੇ (ਰਚਿਓ) ਰਚਿਆ ਹੈਂ? ਯਥਾ:- ਸਮਝ ਨ ਪਰੀ. ਬਿਖੈ ਰਸ ਰਚਿਓ; ਜਸੁ ਹਰਿ ਕੋ ਬਿਸਰਾਇਓ॥ ਨਿਮਖ ਮਾਤ੍ਰ ਭੀ (ਉਦਾਸ) ਉਪਰਾਮ (ਨ) ਨਹੀਂ (ਹੋਹਿ) ਹੁੰਦਾ ਅਥਵਾ (ਉਦਾਸ) ਵੈਰਾਗ (ਨ) ਨਹੀਂ ਧਾਰਦਾ। ਯਥਾ:- ਮਨਮੁਖੁ ਮੋਹਿ ਵਿਆਪਿਆ; ਬੈਰਾਗੁ ਉਦਾਸੀ. ਨ ਹੋਇ॥) ਨਾਮੁ ਵਿਸਾਰਿ. ਬਿਖਿਆ ਮਨਿ ਰਾਤੇ; ਬਿਰਥਾ ਜਨਮੁ ਗਵਾਏ॥

ਕਹੁ ਨਾਨਕ. ਭਜੁ ਹਰਿ ਮਨਾ; ਪਰੈ ਨ. ਜਮ ਕੀ ਫਾਸ॥੨॥

(ਨਾਨਕ) ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਮਹੱਲਾ ਨਾਵਾਂ ਜੀ ਵੈਰਾਗਮਈ ਉਪਦੇਸ਼ ਬਖ਼ਸ਼ਦਿਆਂ (ਕਹੁ) ਫ਼ੁਰਮਾ ਰਹੇ ਹਨ ਜੀ, ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕਰ ਰਹੇ ਹਨ ਜੀ, ਜਾਈਏ ਬਲਿਹਾਰੇ ਜੀ, ਸਤਿਗੁਰੂ ਸਾਹਿਬ ਜੀ ਦੇ ਚੋਜ ਨਿਆਰੇ ਜੀ,

ਸਤਿਗੁਰੂ ਜੀ ਨੇ ਡੁੱਬਦੇ ਪੱਥਰ ਤਾਰੇ ਜੀ:- ਹੇ ਮਨਾ! ਪਰਮਪੂਜਨੀਕ ਸੱਚੇ ਨਿਰੰਕਾਰ ਕਰਤਾਰ (ਹਰਿ) ਵਾਹਿਗੁਰੂ ਜੀ ਨੂੰ (ਭਜੁ) ਭਜਨਾ ਕਰ ਭਾਵ ਰੋਮ ਰੋਮ ਦੇ ਪਿਆਰ ਸਤਿਕਾਰ ਨਾਲ ਸਿਮਰਨਾ ਕਰ। ਜਿਸ ਨਾਲ ਤੈਨੂੰ (ਜਮ) ਜਮਦੂਤ, (ਜਮ) ਰੋਗ, (ਜਮ) ਔਗੁਣਾਂ ਅਤੇ (ਜਮ) ਪ੍ਰਭ ਸੁਆਮੀ ਕੰਤ ਵਿਹੂਣੀਆ; ਮੀਤ ਸਜਣ ਸਭਿ ਜਾਮ॥ ਅਨੁਸਾਰ ਸਾਕਤ ਨਿੰਦਕ (ਕੀ) ਦੀ (ਫਾਸ) ਫਾਹੀ (ਨ) ਨਹੀਂ (ਪਰੈ) ਪਵੇਗੀ। ਯਥਾ:- ਜਿਨਿ ਗੁਰੁ ਸੇਵਿਆ ਆਪਣਾ; ਜਮਦੂਤ ਨ ਲਾਗੈ ਡੰਡੁ॥) ਗੁਰਮਤੀ. ਜਮੁ ਜੋਹਿ, ਨ ਸਾਕੈ; ਸਾਚੈ ਨਾਮਿ ਸਮਾਇਆ॥) ਤੇ; ਜਮੁ. ਨ ਪੇਖਹਿ ਨੈਨ॥ ਸੁਨਿ ਮੋਹੇ. ਅਨਹਤ ਬੈਨ॥੫॥) ਮਾਨਸ ਕੀ; ਕਹੁ ਕੇਤਕ ਬਾਤ॥ ਜਮ ਤੇ ਰਾਖੈ; ਦੇ ਕਰਿ ਹਾਥ॥੩॥

ਤਰਨਾ-ਪੋ- ਤਰਨਾਪੋ. ਇਉ ਹੀ ਗਇਓ; ਲੀਓ ਜਰਾ ਤਨੁ ਜੀਤਿ॥

ਵਿਸ਼ੇ ਆਦਿ 'ਚ ਲੱਗ ਕੇ, ਸੱਚੇ ਨਿਰੰਕਾਰ ਜੀ ਨੂੰ ਵਿਸਾਰ ਕੇ (ਤਰਨਾਪੋ) ਜਵਾਨੀ ਇਉ ਹੀ ਵਿਅਰਥ ਚਲੀ (ਗਇਓ) ਗਈ। ਯਥਾ:- ਤਰਨਾਪੋ ਬਿਖਿਅਨ ਸਿਉ ਖੋਇਓ; ਬਾਲਪਨੁ ਅਗਿਆਨਾ॥ (ਜਰਾ) ਬੁਢੇਪੇ ਨੇ (ਤਨੁ) ਸ੍ਰੀਰ ਨੂੰ ਰੋਗਾਂ ਅਧੀਨ ਕਰਕੇ (ਜੀਤਿ) ਜਿੱਤ (ਲੀਓ) ਲਿਆ। ਯਥਾ:- ਜੋਬਨੁ ਗਇਆ ਬਿਤੀਤਿ; ਜਰੁ ਮਲਿ ਬੈਠੀਆ॥) ਛੀਜੈ ਜੋਬਨੁ; ਜਰੂਆ ਸਿਰਿ ਕਾਲੁ॥) ਅਖੀ ਅੰਧੁ. ਜੀਭ ਰਸੁ ਨਾਹੀ; ਕੰਨੀ. ਪਵਣੁ ਨ ਵਾਜੈ॥ ਚਰਣੀ ਚਲੈ. ਪਜੂਤਾ ਆਗੈ; ਵਿਣੁ ਸੇਵਾ. ਫਲ ਲਾਗੇ॥੨॥ ਅਖਰ ਬਿਰਖ ਬਾਗ, ਭੁਇ ਚੋਖੀ; ਸਿੰਚਿਤ ਭਾਉ ਕਰੇਹੀ॥ ਸਭਨਾ ਫਲੁ ਲਾਗੈ ਨਾਮੁ ਏਕੋ; ਬਿਨੁ ਕਰਮਾ. ਕੈਸੇ ਲੇਹੀ॥੩॥) ਬੁਢਾ ਹੋਆ ਸੇਖ ਫਰੀਦੁ; ਕੰਬਣਿ ਲਗੀ ਦੇਹ॥ ਜੇ ਸਉ ਵਰ੍ਹਿਆ ਜੀਵਣਾ; ਭੀ ਤਨੁ ਹੋਸੀ ਖੇਹ॥੪੧॥

ਭਜ: ਪੋਲਾ ਬੋਲੋ- ਕਹੁ ਨਾਨਕ. ਭਜ ਹਰਿ ਮਨਾ; ਅਉਧ ਜਾਤੁ ਹੈ ਬੀਤਿ॥੩॥

ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬੇਅੰਤ (ਨਾਨਕ) ਮਹੱਲਾ ਨਾਵਾਂ ਜੀ (ਕਹੁ) ਫੁਰਮੌਂਦੇ ਹਨ:- ਹੇ ਮਨਾ! ਪਰਮਪੂਜਨੀਕ ਸੱਚੇ ਨਿਰੰਕਾਰ ਕਰਤਾਰ (ਹਰਿ) ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ਨੂੰ (ਭਜੁ) ਭਜਨਾ ਕਰ ਭਾਵ ਰੋਮ ਰੋਮ ਦੇ ਪਿਆਰ ਸਤਿਕਾਰ ਨਾਲ ਸਿਮਰਨਾ ਕਰ। ਤੇਰੀ (ਅਉਧ) ਉਮਰ (ਬੀਤਿ) ਗੁਜ਼ਰਦੀ (ਜਾਤੁ) ਜਾ ਰਹੀ ਹੈ। ਯਥਾ:- ਕਹੈ ਨਾਨਕੁ. ਰਾਮੁ ਭਜਿ ਲੈ;

ਜਾਤੁ ਅਉਸਰੁ ਬੀਤ॥੨॥੧॥) ਗੂਜਰੀ ਜਾਤਿ ਗਵਾਰਿ; ਜਾ ਸਹੁ ਪਾਏ ਆਪਣਾ॥ ਗੁਰ ਕੈ ਸਬਦਿ ਵੀਚਾਰਿ; ਅਨਦਿਨੁ ਹਰਿ ਜਪੁ ਜਾਪਣਾ॥

ਬਿਰਧ ਭਇਓ. ਸੂਝੈ ਨਹੀ; ਕਾਲੁ ਪਹੂਚਿਓ ਆਨ॥

ਜਰਾ ਹਾਕਦੀ. ਸਭ ਮਤਿ ਥਾਕੀ;) ਛਿਨੁ ਛਿਨੁ ਤਨੁ ਛੀਜੈ; ਜਰਾ ਜਨਾਵੈ॥ ਅਨੁਸਾਰ ਸ੍ਰੀਰ ਬਿਰਧ (ਭਇਓ) ਹੋ ਗਿਆ ਜਿਸ ਕਰਕੇ ਕੁੱਝ (ਸੂਝੈ) ਸੁੱਝਦਾ ਨਹੀ। (ਕਾਲੁ) ਮਰਨ ਦਾ ਸਮਾਂ ਭੀ ਨੇੜੇ (ਆਨ) ਆ (ਪਹੂਚਿਓ) ਪਹੁੰਚਿਆ ਹੈ। ਯਥਾ:- ਮਃ ੧॥ ਦਸ ਬਾਲਤਣਿ. ਬੀਸ ਰਵਣਿ; ਤੀਸਾ ਕਾ. ਸੁੰਦਰੁ ਕਹਾਵੈ॥ ਚਾਲੀਸੀ. ਪੁਰੁ ਹੋਇ, ਪਚਾਸੀ. ਪਗੁ ਖਿਸੈ; ਸਠੀ ਕੇ. ਬੋਢੇਪਾ ਆਵੈ॥ ਸਤਰਿ ਕਾ. ਮਤਿ ਹੀਣੁ; ਅਸੀਹਾਂ ਕਾ. ਵਿਉਹਾਰੁ ਨ ਪਾਵੈ॥ ਨਵੈ ਕਾ ਸਿਹਜਾਸਣੀ; ਮੂਲਿ ਨ ਜਾਣੈ. ਅਪਬਲੁ॥ ਢੰਢੋਲਿਮੁ ਢੂਢਿਮੁ ਡਿਠੁ ਮੈ; ਨਾਨਕ. ਜਗੁ ਧੂਏ ਕਾ ਧਵਲਹਰੁ॥੩॥

ਕਹੁ ਨਾਨਕ. ਨਰ ਬਾਵਰੇ; ਕਿਉ. ਨ ਭਜੈ ਭਗਵਾਨ॥੪॥

ਅਗਮੁ ਅਗੋਚਰੁ ਸਾਹਿਬੋ; ਪਰਨਪੂਜਨੀਕ ਵਾਹਿਗੁਰੂ ਸਤਿਗੁਰੂ (ਨਾਨਕ) ਮਹੱਲਾ ਨਾਵਾਂ ਜੀ (ਕਹੁ) ਫ਼ੁਰਮੌਂਦੇ ਹਨ:- ਹੇ (ਬਾਵਰੇ) ਕਮਲ਼ੇ (ਨਰ) ਪੁਰਸ਼! (ਭਗਵਾਨ) ਵਾਹਿਗੁਰੂ ਜੀ ਨੂੰ ਕਿਉ (ਨ) ਨਹੀਂ (ਭਜੈ) ਸਿਮਰਦਾ? ਬੁੱਢਾ ਹੋ ਕੇ ਵੇਲਾ ਬੈਠਾ ਕੜਾਹ ਪ੍ਰਛਾਦ ਆਦਿ ਨ੍ਹਾਨ੍ਹਾਂ ਤਰ੍ਹਾਂ ਦੇ ਪਦਾਰਥ ਮੰਗਦਾ। ਯਥਾ:- ਮੂੜ੍ਹੇ ਕਾਹੇ ਬਿਸਾਰਿਓ; ਤੈ ਰਾਮ ਨਾਮ॥

ਧਨੁ ਦਾਰਾ ਸੰਪਤਿ ਸਗਲ; ਜਿਨਿ ਅਪੁਨੀ ਕਰਿ ਮਾਨਿ॥

ਪੂਰਨ ਦਇਆਲ ਕਿਰਪਾਲ ਮਿਹਰਵਾਨ ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ੀ (ਧਨੁ) ਦੌਲਤ (ਦਾਰਾ) ਪਤਨੀ ਅਤੇ (ਸਗਲ) ਸਾਰੀ (ਸੰਪਤਿ) ਬਿਭੂਤੀ ਮਾਇਆ ਆਦਿ ਨੂੰ (ਜਿਨਿ) ਜਿਨ੍ਹਾਂ ਨੇ ਅਪੁਨੀ (ਕਰਿ) ਕਰਕੇ (ਮਾਨਿ) ਮੰਨਿਆ ਹੈ। ਯਥਾ:- ਪੁਤ੍ਰ ਕਲਤ੍ਰ ਉਰਝਿਓ; ਜਾਨਿ ਮੇਰੀ॥

ਇਨ ਮੈ ਕਛੁ ਸੰਗੀ ਨਹੀ; ਨਾਨਕ. ਸਾਚੀ ਜਾਨਿ॥੫॥

ਗੁਰੁ ਪੂਰਾ ਮੇਰਾ ਗੁਰੁ ਪੂਰਾ॥ ਪੂਰੇ ਸਤਿਗੁਰੂ (ਨਾਨਕ) ਮਹੱਲਾ ਨਾਵਾਂ ਜੀ ਫ਼ੁਰਮੌਂਦੇ ਹਨ:- (ਇਨ) ਇਨ੍ਹਾਂ ਪਦਾਰਥਾਂ, ਸੰਬੰਧੀਆਂ (ਮੈ) ਵਿੱਚੋ (ਕਛੁ) ਕੋਈ ਭੀ ਥੋੜੇ ਮਾਤ੍ਰ ਭੀ ਤੇਰਾ ਸੰਗੀ ਸਾਥੀ ਨਹੀਂ ਹੈ।

ਇਸ ਸ਼ੁਭ ਸਿੱਖਿਆ ਨੂੰ (ਸਾਚੀ) ਸੱਚੀ (ਜਾਨਿ) ਜਾਨਣਾ ਕਰੋ ਜੀ। ਯਥਾ:- ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ. ਨ ਚਾਲੈ; ਸਮਝ ਲੇਹ॥੨॥) ਮਾਇਆ ਮਮਤਾ ਹੈ ਬਹੁ ਰੰਗੀ॥ ਬਿਨੁ ਨਾਵੈ; ਕੋ ਸਾਥਿ. ਨ ਸੰਗੀ॥੨॥) ਵਿਧਣ ਖੂਹੀ; ਮੁੰਧ ਇਕੇਲੀ॥ ਨਾ ਕੋ ਸਾਥੀ; ਨਾ ਕੋ ਬੇਲੀ॥ ਕਰਿ ਕਿਰਪਾ ਪ੍ਰਭਿ; ਸਾਧਸੰਗਿ ਮੇਲੀ॥ ਜਾ ਫਿਰਿ ਦੇਖਾ; ਤਾ ਮੇਰਾ ਅਲਹੁ ਬੇਲੀ॥੩॥

ਇਨ ਮੈ ਕਛੁ ਸੰਗੀ ਨਹੀ; ’ਤੇ ਵੈਰਾਗੀਮਈ ਸਾਖੀ:- ਸੱਚੇ ਕੰਤ ਸੱਚੇ ਭਗਵੰਤ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਬਾਬਾ ਬਕਾਲਾ ਸਾਹਿਬ ਵਿੱਖੇ ਸੱਚਾ ਨਾਮ ਜਪ ਜਪਾ ਰਹੇ ਸਨ, ਉੱਥੇ ਇਕ ਸਿੱਖ ਪੱਕਾ ਸਤਸੰਗੀ ਸੀ। ਪਰ ਜਦੋਂ ਉਸ ਦੀ ਸ਼ਾਦੀ ਹੋਈ, ਉਸ ਦਾ ਸੰਗਤ ਵਿੱਚ ਔਣਾ ਹਟ ਗਿਆ। ਇੱਕ ਦਿਨ ਸਤਿਗੁਰੂ ਸਾਹਿਬ ਜੀ ਨੇ ਪੁੱਛਿਆ “ਭਾਈ ਸਿੱਖਾ! ਹੁਣ ਆਪ ਜੀ ਸੰਗਤ ਵਿੱਚ ਔਂਦੇ ਨਹੀਂ ਹੋਂ, ਇਸ ਦਾ ਕੀ ਕਾਰਨ ਹੈ?” ਉਸ ਨੇ ਹੱਥ ਜੋੜ ਕੇ ਕਿਹਾ “ਹੇ ਮਹਾਰਾਜ ਜੀ! ਮੇਰੀ ਘਰਵਾਲੀ ਕਹਿੰਦੀ, ਇੱਥੇ ਹੀ ਸਾਖੀ ਸੁਣਾਇਆ ਕਰ” ਸਤਿਗੁਰੂ ਜੀ ਨੇ ਆਖਿਆ “ਭਾਈ! ਇਹ ਸੰਸਾਰਕ ਮੋਹ ਝੂਠਾ ਹੈ”। ਫਿਰ ਉਸ ਨੇ ਕਿਹਾ “ਹੇ ਮਹਾਰਾਜ ਜੀ! ਮੇਰੀ ਘਰਵਾਲੀ ਤਾਂ ਮੇਰੇ ਨਾਲ ਸੱਚਾ ਪ੍ਰੇਮ ਕਰਦੀ ਹੈ।”

ਇਸ ਦੀ ਗੱਲ ਸੁਣ ਕੇ ਸਤਿਗੁਰੂ ਸਾਹਿਬ ਜੀ ਨੇ ਬਚਨ ਕੀਤਾ “ਚੱਲ ਭਾਈ, ਆਪ ਜੀ ਨੂੰ ਸੱਚੇ ਪ੍ਰੇਮ ਦੀ ਪਰਖ ਕਰਾ ਕੇ ਦਿਖਾਈਏ”। ਇਹ ਕਹਿ ਕੇ ਸਤਿਗੁਰੂ ਸਾਹਿਬ ਜੀ ਨੇ ਇਸ ਸਿੱਖ ਨੂੰ ਪ੍ਰਾਨਾਯਾਮ ਦੀ ਸਿੱਖਿਆ ਦੇ ਕੇ ਪ੍ਰਾਣ ਚੜ੍ਹੌਣ ਦੀ ਜਾਚ ਸਿਖਾਅ ਦਿੱਤੀ ਅਤੇ ਹੁਕਮ ਕੀਤਾ “ਘਰ ਜਾ ਕੇ ਅਪਣੀ ਘਰਵਾਲੀ ਨੂੰ ਕਹੀ ਕਿ ‘ਮੈਨੂੰ ਲੱਗਦਾ ਮੈਂ ਚੜ੍ਹਾਈ ਕਰ ਜਾਣੀ ਹੈ’, ਫਿਰ ਪ੍ਰਾਣ ਚੜ੍ਹਾ ਕੇ ਲੰਮਾ ਪੈ ਜਾਵੀਂ”।

ਸਤਿਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਇਸ ਪ੍ਰੇਮੀ ਨੇ ਘਰ ਜਾ ਕੇ ਉਸੇ ਤਰ੍ਹਾਂ ਹੀ ਕੀਤਾ। ਇਹ ਦੇਖ ਕੇ ਘਰਵਾਲੀ ਕੁੱਝ ਬੋਲੀ ਨਹੀਂ। ਇਸ ਨੇ ਸੋਚਿਆ ਕਿ ਜੇ ਹੁਣੇ ਰੌਲਾ ਪਾ ਦਿਤਾ ਤਾਂ ਸਾਰਿਆ ਨੇ ਇਕੱਠੇ ਹੋ ਜਾਣਾ, ਖਾਣ ਦਾ ਸਮਾਂ ਭੀ ਨਹੀਂ ਲੱਭਣਾ। ਇਸ ਨੇ ਪਹਿਲਾਂ ਖੀਰ ਰਿੰਨ੍ਹ ਕੇ ਰੱਜ ਕੇ ਖਾ ਲਈ। ਫਿਰ ਚੂਰੀ ਕੁੱਟ ਕੇ, ਅਪਣੇ ਪਤੀ ਦੇ ਛਾਤੀ ’ਤੇ ਪੈਰ ਰੱਖ ਕੇ, ਆਲੇ ’ਚ ਰੱਖ ਦਿਤੀ। ਇਸ ਨੇ ਸੋਚਿਆ ਕੇ ਜਦੋਂ ਕੋਈ ਦੇਖਦਾ ਨਹੀਂ, ਉਦੋਂ ਚੋਰੀ ਖਾ ਲਵਾਂਗੀ। ਫਿਰ ਇਸ ਨੇ ਕੂਕ ਮਾਰੀ ਕਿ “ਮੇਰਾ ਪਤੀ ਮਰ ਗਿਆ।” ਸਾਰੇ ਸਬੰਧੀ ਇਕੱਠੇ ਹੋ ਗਏ।

ਉਸ ਵੇਲੇ ਇੱਕ ਸਿੱਖ ਨੇ ਜਾ ਕੇ ਸਤਿਗੁਰੂ ਸਾਹਿਬ ਜੀ ਦੇ ਸੱਚੇ ਮਿੱਠੇ ਚਰਨਕਮਲਾਂ ’ਚ ਬੇਨਤੀ ਕੀਤੀ, “ਹੇ ਮਹਾਰਾਜ ਸਾਹਿਬ ਜੀ! ਆਪ ਜੀ ਦਾ ਉਹ ਸੇਵਕ ਚੜ੍ਹਾਈ ਕਰ ਗਿਆ ਹੈ, ਆਪ ਜੀ ਭੀ ਉਸ ਦੇ ਘਰ ਚੱਲੋ ਜੀ”। ਸਤਿਗੁਰੂ ਸਾਹਿਬ ਜੀ ਨੇ ਜਾ ਕੇ ਉਸ ਦੇ ਪਰਿਵਾਰ ਦੇ ਜੀਆਂ ਨੂੰ ਕਿਹਾ, “ਇਸ ਨੂੰ ਜਿੰਦਾ ਕਰ ਦਈਏ?” ਤਾਂ ਕਹਿਣ ਲੱਗੇ, “ਮਹਾਰਾਜ ਜੀ! ਇਸ ਤੋਂ ਚੰਗਾ ਹੋਰ ਕੀ ਹੋ ਸਕਦਾ ਹੈ?” ਸਤਿਗੁਰੂ ਸਾਹਿਬ ਜੀ ਨੇ ਬਚਨ ਕੀਤਾ, “ਇਸ ਨੂੰ ਜਿੰਦਾ ਕਰਨ ਲਈ ਤੁਹਾਡੇ ’ਚੋਂ ਕਿਸੇ ਇੱਕ ਨੂੰ ਪ੍ਰਾਣ ਦੇਣੇ ਪੈਣਗੇ, ਦੱਸੋ ਤੁਹਾਡੇ ’ਚੋਂ ਕੌਣ ਅਪਣੇ ਪ੍ਰਾਣ ਦੇਵੇਗਾ?” ਇਹ ਸੁਣ ਕੇ ਸਭ ਮੁੱਕਰ ਗਏ। ਤਦੋਂ ਸੱਚੇ ਸਤਿਗੁਰੂ ਸਾਹਿਬ ਜੀ ਚਲੇ ਗਏ। ਫਿਰ ਉਸ ਦੇ ਘਰਵਾਲੀ ਨੇ ਵੈਣ ਪਾਇਆ “ਉੱਠ ਵੇ ਕੰਤਾ ਸੁੱਤਿਆਂ, ਕੁੱਝ ਤਾਂ ਮੂੰਹੋਂ ਭਾਖ”।

ਇਹ ਵੈਣ ਸੁਣ ਕੇ, ਉਸ ਨੇ ਆਖਿਆ “ਜੈਸੇ ਪਾਈਸ ਖਾਈਉ, ਤੈਸੇ ਚੂਰੀ ਚਾਖ”। ਭਾਵ ਜਿਵੇਂ ਤੂੰ ਖੀਰ ਰਿੰਨ੍ਹ ਕੇ ਖਾਧੀ ਸੀ, ਤਿਵੇਂ ਚੂਰੀ ਭੀ ਖਾ ਲੈ। ਇਉਂ ਆਖ ਕੇ ਸਤਿਗੁਰੂ ਸਾਹਿਬ ਜੀ ਦੇ ਚਰਨਕਮਲਾਂ ’ਤੇ ਜਾ ਕੇ ਅਪਣਾ ਮੱਥਾ ਰੱਖ ਕੇ ਬੇਨਤੀ ਕੀਤੀ “ਹੇ ਸੱਚੇ ਕੰਤ ਭਗਵੰਤ, ਅੰਤਰਜਾਮੀ, ਸਮਰੱਥ ਸੁਆਮੀ ਸੱਚੇ ਮਹਾਰਾਜ ਸਾਹਿਬ ਜੀ! ਸੱਚ ਮੁੱਚ ਇਹ ਸੰਸਾਰ ਦਾ ਮੋਹ ਝੂਠਾ ਹੈ, ਆਪ ਜੀ ਕ੍ਰਿਪਾ ਕਰਕੇ ਇਸ ਮੋਹ ਦੀ ਨਿਵਿਰਤੀ ਲਈ ਉਪਦੇਸ਼ ਬਖ਼ਸ਼ੋ ਜੀ”। ਸਤਿਗੁਰੂ ਸਾਹਿਬ ਜੀ ਨੇ ਫਿਰ, “ਜਗਤ ਮੈ; ਝੂਠੀ ਦੇਖੀ ਪ੍ਰੀਤਿ॥” ਸਬਦ ਉਚਾਰਨ ਕੀਤਾ ਜੀ।

ਪਤਿਤ. ਉਧਾਰਨ ਭੈ ਹਰਨ; ਹਰਿ. ਅਨਾਥ ਕੇ ਨਾਥ॥

(ਹਰਿ) ਗੁਰ ਨਾਨਕਦੇਵ; ਗੋਵਿੰਦ ਰੂਪ॥ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਜੀ (ਅਨਾਥ) ਯਤੀਮਾਂ (ਕੇ) ਦੇ (ਨਾਥ) ਮਾਲਕ, ਦੇਵਲੂਤ ਵਰਗੇ (ਪਤਿਤ) ਪਤਿਤਾਂ ਨੂੰ ਉਧਾਰਨ ਅਤੇ ਹਰ ਪ੍ਰਕਾਰ ਦਾ ਭੈ (ਹਰਨ) ਮੇਟਣ ਵਾਲੇ ਹਨ। ਯਥਾ:- ਤੁਮ੍ ਦਇਆਲ ਕਿਰਪਾਲ ਕ੍ਰਿਪਾਨਿਧਿ; ਪਤਿਤ. ਪਾਵਨ ਗੋਸਾਈ॥) ਭਗਤਿ ਵਛਲੁ. ਤੇਰਾ ਬਿਰਦੁ; ਹਰਿ. ਪਤਿਤ ਉਧਾਰਿਆ॥) ਅਨਾਥ ਨਾਥ; ਗੋਬਿੰਦ ਗੁਪਾਲ॥) ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾਨਿਧਿ; ਮਨਸਾ ਪੂਰਣਹਾਰਾ॥

ਕਹੁ ਨਾਨਕ. ਤਿਹ ਜਾਨੀਐ; ਸਦਾ ਬਸਤੁ ਤੁਮ ਸਾਥ॥੬॥

ਚੋਜੀ ਪ੍ਰੀਤਮ ਵਾਹਿਗੁਰੂ ਸਤਿਗੁਰੂ (ਨਾਨਕ) ਮਹੱਲਾ ਨਾਵਾਂ ਜੀ (ਕਹੁ) ਫੁਰਮੌਂਦੇ ਹਨ:- ਹੇ ਭਗਤ

ਜਨੋ! (ਤਿਹ) ਤਿਨ੍ਹਾਂ ਭਗਤਿ ਵਛਲ; ਸਦਾ ਕਿਰਪਾਲ॥ ਵਾਹਿਗੁਰੂ ਗੁਰੂ ਨਾਨਕਦੇਵ ਸਾਹਿਬ ਜੀ ਨੂੰ ਸਦਾ ਹੀ (ਤੁਮ) ਆਪ ਜੀ (ਸਾਥ) ਨਾਲ (ਬਸਤੁ) ਵਸਦੇ (ਜਾਨੀਐ) ਜਾਨਣਾ ਕਰੋ ਜੀ। ਯਥਾ:- ਸੋ ਸਤਿਗੁਰੁ ਪਿਆਰਾ. ਮੇਰੈ ਨਾਲਿ ਹੈ; ਜਿਥੈ ਕਿਥੈ ਮੈਨੋ ਲਏ ਛਡਾਈ॥) ਸਦਾ ਹਜੂਰਿ; ਦੂਰਿ ਨ ਜਾਣਹੁ॥

ਤਨੁ ਧਨੁ ਜਿਹ ਤੋਕਉ ਦੀਓ; ਤਾਂ ਸਿਉ ਨੇਹੁ. ਨ ਕੀਨ॥

ਐਸਾ ਦਾਤਾ; ਸਤਿਗੁਰੁ ਕਹੀਐ॥੧॥ ਅਨੁਸਾਰ (ਜਿਹ) ਜਿਨ੍ਹਾਂ ਦਇਆਲ ਉਦਾਰ ਚਿੱਤ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ ਨੇ (ਤੋਕਉ) ਆਪ ਜੀ ਨੂੰ ਤਨੁ ਅਤੇ ਧਨੁ ਆਦਿ ਦਾਤਾਂ (ਦੀਓ) ਬਖ਼ਸ਼ੀਆਂ ਹਨ। (ਤਾਂ) ਤਿਨ੍ਹਾਂ (ਸਿਉ) ਨਾਲ ਆਪ ਜੀ ਨੇ (ਨੇਹੁ) ਪ੍ਰੇਮ (ਨ) ਨਹੀਂ (ਕੀਨ) ਕੀਤਾ। ਯਥਾ:- ਦਾਤਿ ਪਿਆਰੀ; ਵਿਸਰਿਆ ਦਾਤਾਰਾ॥

ਕਹੁ ਨਾਨਕ. ਨਰ ਬਾਵਰੇ; ਅਬ ਕਿਉ ਡੋਲਤ ਦੀਨ॥੭॥

ਪਰਮਪੂਜਨੀਕ ਪਾਰਬ੍ਰਹਮ ਕੇ ਗੁਰ ਅਵਤਾਰ (ਨਾਨਕ) ਸਤਿਗੁਰੂ ਮਹੱਲਾ ਨਾਵਾਂ ਸਾਹਿਬ ਜੀ (ਕਹੁ) ਫ਼ੁਰਮੌਂਦੇ ਹਨ:- ਹੇ ਗਿਆਨ ਹੀਨ (ਬਾਵਰੇ) ਕਮਲ਼ੇ (ਨਰ) ਪੁਰਸ਼! (ਅਬ) ਹੁਣ, ਨਾਮ ਧਨ ਹੀਨ (ਦੀਨ) ਰੰਕ ਕੰਗਾਲ ਹੋ ਕੇ, ਵਿਕਾਰਾਂ ਔਗੁਣਾਂ 'ਚ ਕਿਉ (ਡੋਲਤ) ਡੋਲਦਾ ਹੈਂ? ਯਥਾ:- ਦੁਆਰਹਿ ਦੁਆਰਿ. ਸੁਆਨ ਜਿਉ ਡੋਲਤ; ਨਹ ਸੁਧ. ਰਾਮ ਭਜਨ ਕੀ॥੧॥

ਤਨੁ ਧਨੁ ਸੰਪੈ ਸੁਖ ਦੀਓ; ਅਰੁ ਜਿਹ ਨੀਕੇ ਧਾਮ॥

ਪਾਰਬ੍ਰਹਮ ਪੁਰਖ ਦਾਤਾਰਹ; ਪਰਮੇਸੁਰ ਸਤਿਗੁਰੂ ਨਾਨਕਦੇਵ ਸਾਹਿਬ ਜੀ ਨੇ, ਵਾਹਿਗੁਰੂ ਜੀ ਨੂੰ ਮਿਲਣ ਲਈ ਆਪ ਜੀ ਨੂੰ ਦੁਰਲੱਭ (ਤਨੁ) ਦੇਹ, ਵਰਤਣ ਨੂੰ ਧਨੁ, ਅਥਵਾ ਨਾਮ ਧਨੁ, (ਸੰਪੈ) ਬਿਭੂਤੀ ਮਾਇਆ, ਅਥਵਾ ਸੱਤ ਸੰਤੋਖ ਨਿੰਮ੍ਰਤਾ ਭਾਉ ਭਗਤੀ ਪ੍ਰੇਮ ਆਦਿ ਸ਼ੁਭ ਗੁਣਾਂ ਦੀ (ਸੰਪੈ) ਬਿਭੂਤੀ, ਅਨੇਕ ਪ੍ਰਕਾਰ ਦੇ ਸੁਖ (ਅਰੁ) ਅਤੇ ਸੁਖਾਂ ਨਾਲ ਬਸਨ ਵਾਸਤੇ (ਜਿਹ) ਜਿਹੜੇ (ਨੀਕੇ) ਸੁੰਦਰ (ਧਾਮ) ਘਰ (ਦੀਓ) ਬਖ਼ਸ਼ੇ ਹਨ। ਯਥਾ:- ਤੁਮਰੀ ਕ੍ਰਿਪਾ ਤੇ. ਮਾਨੁਖ ਦੇਹ ਪਾਈ ਹੈ; ਦੇਹੁ ਦਰਸੁ. ਹਰਿ ਰਾਇਆ॥੧॥) ਜਿਹ ਪ੍ਰਸਾਦਿ; ਬਸਹਿ ਸੁਖ ਮੰਦਰਿ॥) ਜੀਅ ਜੰਤ ਸਭਿ; ਸੁਖੀ ਵਸਾਇਆ॥) ਜਿਹ ਪ੍ਰਸਾਦਿ; ਗ੍ਰਿਹ ਸੰਗਿ ਸੁਖ ਬਸਨਾ॥

ਕਹੁ ਨਾਨਕ. ਸੁਨੁ ਰੇ ਮਨਾ; ਸਿਮਰਤ ਕਾਹਿ ਨ. ਰਾਮ॥੮॥

ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ ਖ਼ੂਬ ਸੱਚਾ ਮਿੱਠੇ ਤੋਂ ਮਿੱਠਾ ਅੰਮ੍ਰਿਤ ਸ਼ੁਭ ਗੁਰਮੁਖਿ ਉਪਦੇਸ਼ (ਕਹੁ) ਫੁਰਮੌਂਦੇ ਹਨ: (ਰੇ) ਹੇ ਮਨਾ (ਸੁਨੁ) ਸੁਣਣਾ ਕਰ! ਜਿਨ੍ਹਾਂ ਨਾਨਕ ਸਾਹਿਬੁ; ਸਦਾ ਦਇਆਲੁ॥੨॥ ਜੀ ਨੇ ਆਪ ਜੀ ਨੂੰ ਉਪ੍ਰੋਕਤ ਪਦਾਰਥ ਬਖ਼ਸ਼ੇ, ਅਤੇ ਆਪ ਜੀ 'ਚ ਅਪਣੀ ਜੋਤਿ ਪਾ ਕੇ, ਆਖਣ ਸੁਨਣ ਬੋਲਣ ਤੁਰਨ ਦੀ ਸੱਤਾ ਬਖ਼ਸ਼ੀ। ਯਥਾ:- ਆਖਣੁ ਵੇਖਣੁ ਸਭੁ; ਸਾਹਿਬ ਤੇ ਹੋਇ॥੪॥੨॥੧੪॥ ਐਸੇ ਦਾਤੇ (ਰਾਮ) ਰਮੇ ਹੋਏ ਪਰਮਪੂਜਨੀਕ ਪਿਆਰੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਰਾਮ ਸਰੂਪ ਸਤਿਗੁਰੂ ਸਾਹਿਬ ਜੀ ਨੂੰ, ਤੂੰ (ਕਾਹਿ) ਕਿਉਂ (ਨ) ਨਹੀਂ (ਸਿਮਰਤ) ਯਾਦ ਕਰਦਾ? ਯਥਾ:- ਸੋ ਕਿਉ ਬਿਸਰੈ; ਜਿਨਿ. ਸਭੁ ਕਿਛੁ ਦੀਆ॥ ਸੋ ਕਿਉ ਬਿਸਰੈ; ਜਿ. ਜੀਵਨ ਜੀਆ॥

ਨਾਹਿ-ਨ- ਸਭ ਸੁਖਦਾਤਾ ਰਾਮੁ ਹੈ; ਦੂਸਰ ਨਾਹਿਨ ਕੋਇ॥

ਪ੍ਰਭ ਜੀ; ਤੂ ਮੇਰੋ ਸੁਖਦਾਤਾ॥ ਅਨੁਸਾਰ (ਰਾਮੁ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ (ਸਭ) ਸਾਰੇ (ਸੁਖ+ਦਾਤਾ) (ਸੁਖ) ਸੁਖਾਂ ਦੇ (ਦਾਤਾ) ਦਾਤੇ (ਹੈ) ਹਨ। ਪਖੰਡੀ ਅਪਣੇ ਆਪ ਨੂੰ ਦਾਤਾ ਕਹੌਂਦੇ ਹਨ, ਪਰ ਸੱਚੇ ਰਾਮ ਵਾਹਿਗੁਰੂ ਜੀ ਤੋਂ ਬਿਨਾ (ਦੂਸਰ) ਦੂਜਾ (ਕੋਇ) ਕੋਈ ਸੁਖ ਦਾਤਾ (ਨਾਹਿਨ) ਨਹੀਂ ਹੈ ਜੀ। ਯਥਾ:- ਸਰਬ ਸੁਖਾ ਕਾ ਦਾਤਾ ਸਤਿਗੁਰੁ; ਤਾ ਕੀ ਸਰਨੀ ਪਾਈਐ॥ ਦਰਸਨੁ ਭੇਟਤ ਹੋਤ ਅਨੰਦਾ; ਦੂਖੁ ਗਇਆ ਹਰਿ ਗਾਈਐ॥੧॥) ਤੁਧੁ ਜੇਵਡੁ ਦਾਤਾਰੁ. ਮੈ ਕੋਈ ਨਦਰਿ ਨ ਆਵਈ; ਤੁਧੁ. ਸਭਸੈ ਨੋ ਦਾਨੁ ਦਿਤਾ; ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥੩॥

ਕਹੁ ਨਾਨਕ. ਸੁਨਿ ਰੇ ਮਨਾ; ਤਿਹ ਸਿਮਰਤ. ਗਤਿ ਹੋਇ॥੯॥

ਸੱਚੇ ਪਾਤਿਸਾਹ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- (ਰੇ) ਹੇ ਮਨਾ (ਸੁਨਿ) ਸੁਣਣਾ ਕਰ! (ਤਿਹ) ਤਿਨ੍ਹਾਂ ਸਰਬ ਕਲਾ ਭਰਪੂਰ ਪ੍ਰਭ; ਵਾਹਿਗੁਰੂ ਜੀ ਨੂੰ (ਸਿਮਰਤ) ਸਿਮਰਨ, ਪ੍ਰੇਮਾ ਭਗਤੀ, ਯਾਦ ਕਰਨ ਨਾਲ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਦੇ ਸੱਚੇ ਅਬਿਨਾਸੀ ਸਰੂਪ 'ਚ ਮਹਾਂ ਵਿਸਮਾਦ ਲੀਨਤਾ (ਗਤਿ) ਪ੍ਰਾਪਤੀ ਹੋ ਕੇ, (ਗਤਿ) ਕਲਿਆਣ (ਹੋਇ) ਹੁੰਦੀ ਹੈ। ਯਥਾ:- ਗੋਬਿਦੁ ਸਿਮਰਿ; ਹੋਆ ਕਲਿਆਣੁ॥) ਹਰਿ ਸਿਮਰਨੁ ਕਰਿ; ਹਰਿ ਜਨ ਛੂਟੇ॥੧॥) ਸਾਰੰਗ ਮਹਲਾ ੫ ਸੂਰਦਾਸ॥ ੧ਓ ਸਤਿਗੁਰ ਪ੍ਰਸਾਦਿ॥ ਹਰਿ ਕੇ ਸੰਗ; ਬਸੇ ਹਰਿ ਲੋਕ॥ ਤਨੁ

ਮਨੁ ਅਰਪਿ. ਸਰਬਸੁ ਸਭੁ ਅਰਪਿਓ; ਅਨਦ ਸਹਜ ਧੁਨਿ ਝੋਕ॥੧॥ਰਹਾਉ॥ ਦਰਸਨੁ ਪੇਖਿ. ਭਏ ਨਿਰਬਿਖਈ; ਪਾਏ ਹੈ ਸਗਲੇ ਥੋਕ॥ ਆਨ ਬਸਤੁ ਸਿਉ ਕਾਜੁ. ਨ ਕਛੂਐ; ਸੁੰਦਰ ਬਦਨ ਅਲੋਕ॥੧॥ ਸਿਆਮ ਸੁੰਦਰ ਤਜਿ. ਆਨ ਜੁ ਚਾਹਤ; ਜਿਉ ਕੁਸਟੀ ਤਨਿ ਜੋਕ॥ ਸੂਰਦਾਸ ਮਨੁ. ਪ੍ਰਭਿ ਹਥਿ ਲੀਨੋ; ਦੀਨੋ ਇਹੁ ਪਰਲੋਕ॥੨॥੧॥੮॥) ਮਗਨੁ ਭਇਓ, ਪ੍ਰਿਅ ਪ੍ਰੇਮ ਸਿਉ; ਸੂਧ. ਨ ਸਿਮਰਤ ਅੰਗ॥ ਪ੍ਰਗਟਿ ਭਇਓ. ਸਭ ਲੋਅ ਮਹਿ; ਨਾਨਕ. ਅਧਮ ਪਤੰਗ॥੧੧॥

ਅੰਗ ੧੪੨੭- ਭਜੁ: ਪੋਲਾ ਬੋਲੋ- ਜਿਹ ਸਿਮਰਤ. ਗਤਿ ਪਾਈਐ; ਤਿਹਿ ਭਜੁ ਰੇ ਤੈ ਮੀਤ॥

(ਜਿਹ) ਜਿਨ੍ਹਾਂ ਕਿਰਪਾਲ ਵਾਹਿਗੁਰੂ ਜੀ ਨੂੰ (ਸਿਮਰਤ) ਸਿਮਰਨੇ, ਯਾਦ ਕਰਨੇ ਕਰਕੇ ਵਿਕਾਰਾਂ ਔਗੁਣਾਂ ਪਾਪਾਂ ਚੌਰਾਸੀ ਲੱਖ ਜੂਨ, ਜਮਾਂ ਤੋਂ (ਗਤਿ) ਮੁਕਤੀ (ਪਾਈਐ) ਪਾਈਦੀ ਹੈ। (ਰੇ) ਹੇ (ਮੀਤ) ਮਿੱਤ੍ਰ ਜੀ! (ਤੈ) ਆਪ ਜੀ (ਤਿਹਿ) ਤਿਨ੍ਹਾਂ ਨੂੰ (ਭਜੁ) ਭਜਨਾ ਕਰੋ। ਯਥਾ:- ਗਾਵਤ ਸੁਣਤ ਸਭੇ ਹੀ ਮੁਕਤੇ; ਸੋ ਧਿਆਈਐ ਜਿਨਿ ਹਮ ਕੀਏ ਜੀਉ॥੧॥) ਜੋ ਜੋ ਕਹੈ; ਸੁ ਮੁਕਤਾ ਹੋਇ॥

ਕਹੁ ਨਾਨਕ. ਸੁਨ ਰੇ ਮਨਾ; ਅਉਧ ਘਟਤ ਹੈ ਨੀਤ॥੧੦॥

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ (ਨਾਨਕ) ਸਤਿਗੁਰੂ ਮਹੱਲਾ ਨਾਵਾਂ ਜੀ ਵੈਰਾਗਮਈ ਉਪਦੇਸ਼ (ਕਹੁ) ਫੁਰਮੌਂਦੇ ਹਨ:- (ਰੇ) ਹੇ ਮਨਾ (ਸੁਨ) ਸੁਣਣਾ ਕਰ! ਤੇਰੀ (ਅਉਧ) ਉਮਰ (ਨੀਤ) ਹਰ ਰੋਜ (ਘਟਤ) ਘਟਦੀ ਜਾ ਰਹੀ ਹੈ। ਛਿਨੁ ਛਿਨੁ ਅਉਧ ਬਿਹਾਤੁ ਹੈ; ਫੂਟੈ ਘਟ ਜਿਉ ਪਾਨੀ॥੧॥ਰਹਾਉ॥ ਅਨੁਸਾਰ ਤਿਵੇਂ ਘਟ ਰਹੀ ਹੈ ਜਿਵੇਂ ਇੱਕ ਫੁੱਟੇ ਘੜੇ 'ਚੋਂ ਪਾਣੀ ਸਿੰਮ ਰਿਹਾ ਹੋਵੇ, ਇਸ ਕਰਕੇ ਨਹ ਬਿਲੰਬ ਧਰਮੰ ਬਿਲੰਬ ਪਾਪੰ॥ ਅਨੁਸਾਰ ਭਜਨ ਕਰਨ 'ਚ ਦੇਰੀ ਨਾ ਕਰ। ਯਥਾ:- ਅਉਧ ਘਟੈ; ਦਿਨਸੁ ਰੈਣਾਰੇ॥) ਕਬੀਰ. ਪਰਭਾਤੇ ਤਾਰੇ ਖਿਸਹਿ; ਤਿਉ ਇਹੁ ਖਿਸੈ ਸਰੀਰੁ॥) ਰਾਤੀ ਕਾਲੁ; ਘਟੈ ਦਿਨਿ ਕਾਲੁ॥

ਪਾਂਚ ਤਤ ਕੋ ਤਨੁ ਰਚਿਓ; ਜਾਨਹੁ ਚਤੁਰ ਸੁਜਾਨ॥

ਹੇ (ਸੁ+ਜਾਨ) (ਸੁ) ਸ੍ਰੇਸ਼ਟ ਜਾਣੀ ਜਾਨ ਚਤੁਰ ਗੁਰਮੁਖਿ ਪੁਰਖੋ, (ਜਾਨਹੁ) ਜਾਣਣਾ ਕਰੋ ਜੀ! ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਪਰਮਾਤਮਾ ਜੀ ਨੇ (ਤਨੁ) ਸ੍ਰੀਰ (ਪਾਂਚ) ਪੰਜਾਂ (ਤਤ) ਤੱਤਾਂ (ਕੋ) ਦਾ (ਰਚਿਓ) ਰਚਿਆ ਹੈ। ਪੰਜ ਤਤ:- ਪ੍ਰਿਥਵੀ, ਪਾਣੀ, ਅਗਨੀ, ਆਕਾਸ਼

ਅਤੇ ਹਵਾ। ਯਥਾ:- ਪੰਚ ਤਤੁ ਮਿਲਿ; ਕਾਇਆ ਕੀਨੀ॥) ਪੰਚ ਤਤ ਪੰਚੀਸ ਗੁਨਿ ਸਤ੍ਰ ਮਿਤ੍ਰ ਮਿਲਿ ਦੇਹਿ ਬਣਾਈ॥) ਪੰਚ ਤਤੁ ਕਰਿ. ਤੁਧੁ ਸ੍ਰਿਸਟਿ ਸਭ ਸਾਜੀ; ਕੋਈ ਛੇਵਾ ਕਰਿਉ. ਜੇ ਕਿਛੁ ਕੀਤਾ ਹੋਵੈ॥

ਜਿਹ ਤੇ ਉਪਜਿਓ ਨਾਨਕਾ; ਲੀਨ ਤਾਹਿ ਮੈ ਮਾਨ॥੧੧॥

ਪਹਿਲਾ ਅਰਥ- ਸਤਿਗੁਰੂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ (ਨਾਨਕਾ) ਮਹੱਲਾ ਨਾਵਾਂ ਜੀ ਫੁਰਮੌਂਦੇ ਹਨ:- ਹੇ ਗੁਰਮੁਖੋ! (ਮਾਨ) ਮੰਨਣਾ ਕਰੋ! ਸ੍ਰੀਰ (ਜਿਹ) ਜਿਨ੍ਹਾਂ ਪੰਜਾਂ ਤੱਤਾਂ (ਤੇ) ਤੋਂ (ਉਪਜਿਓ) ਪੈਦਾ ਹੋਇਆ, ਅੰਤ ਨੂੰ (ਤਾਹਿ) ਤਿਨ੍ਹਾਂ (ਮੈ) ਵਿੱਚ ਹੀ (ਲੀਨ) ਸਮਾਅ ਜਾਂਦਾ ਹੈ।

ਦੂਜਾ ਅਰਥ- ਹੇ ਗੁਰਮੁਖੋ! (ਮਾਨ) ਮੰਨਣਾ ਕਰੋ! (ਜਿਹ) ਜਿਨ੍ਹਾਂ ਪਰਮਪਿਆਰੇ ਸੱਚਿਆਰੇ ਅਗਮ ਅਪਾਰੇ ਚੋਜ ਨਿਆਰੇ ਵਾਹਿਗੁਰੂ ਨਿਰੰਕਾਰ ਜੀ (ਤੇ) ਤੋਂ ਇਹ ਸ੍ਰੀਰ (ਉਪਜਿਓ) ਪੈਦਾ ਹੋਇਆ ਹੈ ਜੀ, ਉਨ੍ਹਾਂ ਦੀ ਪ੍ਰੇਮਾ ਭਗਤੀ ਕਰਕੇ (ਤਾਹਿ) ਤਿਨ੍ਹਾਂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਦੇ ਸੱਚੇ ਨਿਰਗੁਨ ਸਰੂਪ (ਮੈ) 'ਚ ਲੀਨ ਹੋ ਜਾਂਦਾ ਹੈ ਜੀ। ਯਥਾ:- ਜਿਉ ਜਲ ਮਹਿ ਜਲੁ; ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥

ਘਟਿ ਘਟਿ ਮੈ ਹਰਿ ਜੂ ਬਸੈ; ਸੰਤਨ ਕਹਿਓ ਪੁਕਾਰਿ॥

ਪਿਆਰੇ (ਸੰਤਨ) ਸਤਿਗੁਰੂ ਸਾਹਿਬਾਨ ਜੀ, (ਸੰਤਨ) ਗੁਰਸੇਵਕਾਂ ਨੇ ਪੁਕਾਰਿ ਕੇ (ਕਹਿਓ) ਕਿਹਾ ਹੈ:- ਵਿਸਮਾਦ ਸ੍ਰਬ ਵਿਆਪੀ ਅਜਪਾ ਜਾਪ ਨਿਰੰਕਾਰ (ਹਰਿ) ਵਾਹਿਗੁਰੂ (ਜੂ) ਜੀ, ਹਰ (ਘਟਿ) ਕਿਣਕੇ (ਘਟਿ) ਕਿਣਕੇ (ਮੈ) 'ਚ (ਬਸੈ) ਵਸਦੇ ਹਨ। ਯਥਾ:- ਘਟਿ ਘਟਿ ਬਿਆਪਿ ਰਹਿਆ; ਭਗਵੰਤ॥) ਸਾਧੂ ਕੈ ਸੰਗਿ; ਘਟਿ ਘਟਿ ਡੀਠਾ॥ ਜਿਵੇਂ ਧੰਨ ਬਾਬਾ ਘਨਈਆ ਜੀ ਨੂੰ ਸਾਰਿਆਂ ਵਿੱਚ ਪੂਰਨ ਸਤਿਗੁਰੂ ਜੀ ਨਜਰ ਔਂਦੇ ਸਨ।

ਭਉ-ਨਿਧਿ, ਉੱਤਰ-ਹਿ- ਕਹੁ ਨਾਨਕ. ਤਿਹ ਭਜੁ ਮਨਾ; ਭਉਨਿਧਿ ਉਤਰਹਿ ਪਾਰਿ॥੧੨॥

ਪਾਰਬ੍ਰਹਮ ਕੇ ਗੁਰ ਅਵਤਾਰ ਸਤਿਗੁਰੂ (ਨਾਨਕ) ਮਹੱਲਾ ਨਾਵਾਂ ਜੀ (ਕਹੁ) ਫੁਰਮੌਂਦੇ ਹਨ:- ਹੇ ਮਨਾ! (ਤਿਹ) ਤਿਨ੍ਹਾਂ ਸ੍ਰਬ ਵਿਆਪਕ ਵਾਹਿਗੁਰੂ ਜੀ ਨੂੰ (ਭਜੁ) ਭਜਨਾ ਕਰ। ਜਿਸ ਕਰਕੇ ਸੰਸਾਰ ਰੂਪੀ (ਭਉ+ਨਿਧਿ) (ਭਉ) ਡਰ ਦੇ (ਨਿਧਿ) ਸਮੁੰਦ੍ਰ ਤੋਂ ਪਾਰਿ (ਉਤਰਹਿ) ਉੱਤਰ ਜਾਵੇਂਗਾ। ਯਥਾ:- ਸਤਿਗੁਰੁ ਸੇਵਹਿ ਆਪਣਾ; ਭਉਜਲੁ ਉਤਰੇ ਪਾਰਿ॥

## ਸੁਖੁ ਦੁਖੁ ਜਿਹ ਪਰਸੈ ਨਹੀ; ਲੋਭੁ ਮੋਹ ਅਭਿਮਾਨੁ॥

ਪ੍ਰੇਮ ਪ੍ਰਚਾਰ:- ਵਾਹਿਗੁਰੂ॥ ਅਨਤ ਕਲਾਵਾਨ ਪੂਰਨ ਭਗਵਾਨ, ਪਾਰਬ੍ਰਹਮ ਕੇ ਗੁਰ ਅਵਤਾਰ, ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੇ ਸੀਸ ਵਾਰਨ ਤੋਂ ਪਹਿਲਾ ਭੁੱਖ ਤ੍ਰੇਹ ਉਨੀਂਦਰਾ ਤ੍ਰਿਸਕਾਰ ਦੇ ਬਚਨ ਅਸਹਿ ਤੇ ਅਕਹਿ ਕਸ਼ਟ ਸਹਾਰੇ। ਸੀਸ ਦੇਣ ਲੱਗਿਆਂ ਸੀ ਨਹੀਂ ਉਚਾਰੀ। ਪਿੰਜਰੇ 'ਚ ਚਾਰ ਚੁਫੇਰੇ ਸੂਈ ਵਰਗੇ ਤਿੱਖੇ ਤੀਰ ਲੱਗੇ ਹੋਏ ਸਨ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਤਿੱਖੇ ਤੀਰਾਂ ਵਿਚਕਾਰ ਬੈਠੇ ਸਿਮਰਨ ਕਰਦੇ ਰਹੇ। ਸ੍ਰੀਰ ਦੇ ਥੋੜ੍ਹਾ ਜਿਹਾ ਅੱਗੇ ਪਿੱਛੇ ਹੋਣ ਤੋਂ ਤੀਰ ਖੁੱਭਦੇ ਸਨ। ਐਸੇ ਅਸਹਿ ਕਸ਼ਟਾਂ ਦੀ ਹਨ੍ਹੇਰੀ ਸਮੇਂ, ਜਦੋਂ ਪਰਿਵਾਰ ਅਤੇ ਸਿੱਖਾਂ ਨਾਲੋਂ ਵਿਛੋੜਾ ਸੀ, ਸ਼ਹੀਦੀ ਦੇਣ 'ਚ ਥੋੜ੍ਹੇ ਦਿਨ ਬਾਕੀ ਸਨ। ਧੁਰਾਂ ਦੀ ਬਾਣੀ ਭੋਗ ਦੇ ਸਲੋਕ ਚਾਂਦਨੀ ਚੌਂਕ ਦਿੱਲੀ ਵਿਖੇ, ਪਿੰਜਰੇ 'ਚ ਉਚਾਰੇ।

ਮਰਨ ਦੇ ਕਸ਼ਟ ਤੋਂ ਡਰਦਿਆਂ ਵੱਡਿਆਂ ਵੱਡਿਆਂ ਦੀ ਹੋਸ਼ ਫਰਮੋਸ਼ ਹੋ ਜਾਂਦੀ ਹੈ। ਯਥਾ:- ਰੋਵਹਿ; ਸੇਖ ਮਸਾਇਕ ਪੀਰ॥ ਅੰਤਿ ਕਾਲਿ; ਮਤੁ ਲਾਗੈ ਭੀੜ॥ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਫ਼ੁਰਮੌਂਦੇ ਹਨ:- ਮੁਸਲਮਾਨਾਂ 'ਚ ਉੱਚੀ ਜਾਤੀ ਵਾਲੇ ਸੇਖ, (ਮਸਾਇਕ) ਮੇਹਨਤਾਂ ਕਰਨ ਵਾਲੇ, (ਪੀਰ) ਸ਼ਕਤੀਆਂ ਵਾਲੇ, ਸਭ ਰੋਂਦੇ ਹਨ ਕਿ (ਮਤੁ) ਮਤਾਂ ਭਾਵ ਕਿਤੇ ਅਸਾਡੇ ਅੰਤ ਦੇ ਸਮੇਂ ਮਰਨ ਦੇ ਕਸ਼ਟ ਦੀ (ਭੀੜ) ਬਿਪਤਾ ਨਾ (ਲਾਗੈ) ਲੱਗ ਜਾਵੇ।

ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀਓ ਧੰਨ ਹਨ। ਤਿਲਕ ਜੰਞੂ ਗਊ ਗਰੀਬ ਦੀ ਰੱਖਿਆ ਲਈ ਸੀਸ ਕੁਰਬਾਨ ਕੀਤਾ। ਐਸੇ ਕਸ਼ਟਾਂ ਸਮੇਂ ਵਿਆਪਕ ਬ੍ਰਹਮ 'ਚ ਲੀਨ ਰਹੇ, ਜਿਵੇਂ ਮੱਛ ਸਮੁੰਦਰ 'ਚ ਲੀਨ ਰਹਿੰਦਾ ਹੈ। ਅਕਾਸ਼ ਵਾਂਗ ਨਿਰਖੇਭ ਅਤੇ ਧਰਤੀ ਵਾਂਗ ਧੀਰਜ ਖਿਮਾ ਸਹਿਤ ਰਹੇ। ਆਪ ਜੀ ਕੋਟਾਨ ਕੋਟ ਸੂਰਜਾਂ ਦੇ ਪ੍ਰਕਾਸ਼ਕ, ਸਦਾ ਲਈ ਸੰਸਾਰ ਨੂੰ ਨਾਮ ਦਾ ਪ੍ਰਕਾਸ਼ ਬਖ਼ਸ਼ ਰਹੇ ਹੋਂ ਜੀ। ਆਪ ਜੀ ਐਸੀ ਕ੍ਰਿਪਾ ਕਰੋ, ਅਸੀਂ ਅਪਣੀ ਜ਼ਬਾਨ ਨਾਲ, ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਪਰਉਪਕਾਰੀ ਸੱਚੇ ਮਿੱਠੇ ਚਰਨਕਮਲ ਸਦਾ ਹੀ ਚੱਟਦੇ ਰਹੀਏ ਅਤੇ ਅਪਣੀਆਂ ਅੱਖਾਂ 'ਚ ਧਰਾਈਏ। ਯਥਾ:- ਸਭੁ ਦਿਨਸੁ ਰੈਣਿ. ਦੇਖਉ ਗੁਰੁ ਅਪੁਨਾ; ਵਿਚਿ ਅਖੀ. ਗੁਰ ਪੈਰ ਧਰਾਈ॥੨੮॥ ਅਪਣੇ ਕੇਸਾਂ ਨਾਲ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਚਰਨਾਂ ਨੂੰ ਝਾੜੀਏ। ਯਥਾ:- ਗੁਰ ਕੇ ਚਰਨ; ਕੇਸ ਸੰਗਿ ਝਾਰੇ॥੧॥

ਸੁਖੁ ਦੁਖੁ ਜਿਹ ਪਰਸੈ ਨਹੀ; ਲੋਭੁ ਮੋਹ ਅਭਿਮਾਨੁ॥

ਹਜ਼ੂਰ ਫ਼ੁਰਮੌਂਦੇ ਹਨ:- (ਜਿਹ) ਜਿਸ ਪਿਆਰੇ ਨੂੰ ਸੁਖੁ ਦੁਖੁ ਲੋਭੁ ਮੋਹ (ਅਭਿਮਾਨੁ) ਹੰਕਾਰ ਨਹੀ (ਪਰਸੈ) ਪਰਸਦੇ ਭਾਵ ਛੋਂਹਦੇ ਹਨ।

ਕਹੁ ਨਾਨਕ. ਸੁਨ ਰੇ ਮਨਾ; ਸੋ ਮੂਰਤ ਭਗਵਾਨ॥੧੩॥

(ਨਾਨਕ) ਵਾਹਿਗੁਰੂ ਸਤਿਗੁਰੂ ਨੌਵੇਂ ਪਾਤਿਸਾਹ ਜੀ (ਕਹੁ) ਫ਼ੁਰਮੌਂਦੇ ਹਨ:- (ਰੇ) ਹੇ ਮਨਾ (ਸੁਨੁ) ਸੁਨਣਾ ਕਰ! (ਸੋ) ਉਹ ਮਹਾਂਪੁਰਸ਼ ਗੁਰਸੇਵਕ ਜੀ ਭਗਵਾਨ ਜੀ ਦੇ (ਮੂਰਤ) ਤਸਵੀਰ ਭਾਵ ਸਰੂਪ ਹੀ ਹਨ। ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦੀ ਇਹ ਆਪਣੀ ਹੀ ਪਰਮ ਉੱਚੀ ਸੁੱਚੀ ਅਵਸਥਾ ਹੈ।

ਉਸਤਤਿ ਨਿੰਦਿਆ ਨਾਹਿ ਜਿਹਿ; ਕੰਚਨ ਲੋਹ ਸਮਾਨਿ॥

(ਜਿਹਿ) ਜਿਸ ਮਹਾਂਪੁਰਸ਼ ਦੇ ਰਿਦੇ ’ਚ ਅਪਣੀ (ਉਸਤਤਿ) ਵਡਿਆਈ ਦੀ ਇੱਛਾ (ਨਾਹਿ) ਨਹੀਂ, ਆਪ ਤਿਆਗ ਕੇ ਸਾਰਿਆਂ ਦੀ ਚਰਨ-ਧੂੜ ਬਣੇ ਹੋਏ ਹਨ। ਯਥਾ:- ਸਰਬ ਕੀ ਰੇਣ ਹੋਵੀਜੈ॥ ਆਪੁ ਮਿਟਾਇ ਮਿਲੀਜੈ॥ ਅਪਣਾ ਪ੍ਰਤਾਪ ਵਧੌਣ ਲਈ, ਪਰਾਏ ਪੁਰਖਾਂ ਦੇ ਗੁਣਾਂ ਨੂੰ ਔਗੁਣ ਰੂਪ ਕਰਕੇ ਕਹਿਣਾ ਨਿੰਦਾ ਹੈ, ਮਹਾਂਪੁਰਸ਼ ਗੁਰਮੁਖਿ (ਨਿੰਦਿਆ) ਨਿੰਦਾ ਨਹੀਂ ਕਰਦੇ। (ਕੰਚਨ) ਸੋਨਾ ਅਤੇ (ਲੋਹ) ਲੋਹਾ ਸਮਾਨਿ ਸਮਝਦੇ ਹਨ। ਯਥਾ:- ਉਸਤਤਿ ਨਿੰਦਾ ਦੋਊ ਤਿਆਗੈ; ਖੋਜੈ ਪਦੁ ਨਿਰਬਾਨਾ॥ ਜਨ ਨਾਨਕ. ਇਹੁ ਖੇਲੁ ਕਠਨੁ ਹੈ; ਕਿਨਹੂੰ ਗੁਰਮੁਖਿ ਜਾਨਾ॥੨॥੧॥) ਉਸਤਤਿ ਨਿੰਦਾ ਦੋਊ ਬਿਬਰਜਿਤ; ਤਜਹੁ ਮਾਨੁ ਅਭਿਮਾਨਾ॥ ਲੋਹਾ ਕੰਚਨੁ ਸਮ ਕਰਿ ਜਾਨਹਿ; ਤੇ ਮੂਰਤਿ ਭਗਵਾਨਾ॥੧॥

ਕਹੁ ਨਾਨਕ. ਸੁਨਿ ਰੇ ਮਨਾ; ਮੁਕਤਿ ਤਾਹਿ ਤੈ ਜਾਨਿ॥੧੪॥

ਤੂੰ ਗੁਣਦਾਤਾ ਨਿਰਮਲਾ; ਵਾਹਿਗੁਰੂ (ਨਾਨਕ) ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਜੀ, ਜਿਨ੍ਹਾਂ ਨੇ ਧਰਮ ਹੇਤ ਪਰਮਪਵਿੱਤ੍ਰ ਗੁਰਮੁਖਿ ਸ੍ਰੀ ਸੀਸ ਜੀ ਕੁਰਬਾਨ ਕੀਤੇ, (ਕਹੁ) ਫ਼ੁਰਮੌਂਦੇ ਹਨ:- (ਰੇ) ਹੇ ਮਨਾ, (ਸੁਨਿ) ਸੁਨਣਾ ਕਰ! (ਤਾਹਿ) ਤਿਸ ਮਹਾਂਪੁਰਸ਼ (ਤੈ) ਤਾਈਂ ਜੀਵਨ ਮੁਕਤਿ ਹੀ (ਜਾਨਿ) ਜਾਨਣਾ ਕਰ ਜਿਨ੍ਹਾਂ ’ਚ ਐਸੇ ਗੁਣ ਹੋਣ। ਜਿਸ ਦੇ ਰਿਦੇ ’ਚ ਸੱਚੇ ਕੰਤ ਭਗਵੰਤ ਜੀ ਵਸੇ ਹੋਣ ਉਹ ਜੀਵਨ ਮੁਕਤ ਹਨ। ਯਥਾ:- ਓਹੁ ਧਨਵੰਤੁ; ਕੁਲਵੰਤੁ ਪਤਿਵੰਤੁ॥ ਜੀਵਨ ਮੁਕਤਿ; ਜਿਸੁ ਰਿਦੈ ਭਗਵੰਤੁ॥

### ਹਰਖ ਸੋਗ ਜਾ ਕੈ ਨਹੀ; ਬੈਰੀ ਮੀਤ ਸਮਾਨ॥

ਜੌ ਰਾਜੁ ਦੇਹਿ; ਤ ਕਵਨ ਬਡਾਈ॥ ਜੌ ਭੀਖ ਮੰਗਾਵਹਿ; ਤ ਕਿਆ ਘਟਿ ਜਾਈ॥੧॥ ਅਨੁਸਾਰ (ਜਾ) ਜਿਸ ਮਹਾਂਪੁਰਸ਼ ਜੀ (ਕੈ) ਦੇ ਰਿਦੇ ’ਚ, ਆਏ ਪਦਾਰਥ ਤੋਂ (ਹਰਖ) ਖ਼ੁਸ਼ੀ ਅਤੇ ਗਏ ਤੋਂ ਸੋਗ ਨਹੀ ਹੈ। ਯਥਾ:- ਆਵਤ ਹਰਖ ਨ ਜਾਵਤ ਦੂਖਾ; ਨਹ ਬਿਆਪੈ ਮਨ ਰੋਗਨੀ॥ ਦੋਵੇਂ ਬੈਰੀ ਮੀਤ ਇੱਕ ਸਮਾਨ ਹਨ। ਯਥਾ:- ਨਾ ਕੋ ਬੈਰੀ. ਨਹੀ ਬਿਗਾਨਾ; ਸਗਲ ਸੰਗਿ. ਹਮ ਕਉ ਬਨਿ ਆਈ॥੧॥) ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ; ਜਿਨਿ ਵੈਰੀ ਮਿਤ੍ਰ. ਹਮ ਕਉ, ਸਭ ਸਮ ਦ੍ਰਿਸਟਿ ਦਿਖਾਈ॥ ਜਿਵੇਂ ਬਾਬਾ ਘਨਈਆ ਜੀ ਭਗਤ ਜੈਦੇਵ ਜੀ।

### ਕਹੁ ਨਾਨਕ. ਸੁਨਿ ਰੇ ਮਨਾ; ਮੁਕਤਿ ਤਾਹਿ ਤੈ ਜਾਨ॥੧੫॥

ਵਾਹਿਗੁਰੂ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫ਼ੁਰਮੌਂਦੇ ਹਨ:- (ਰੇ) ਹੇ ਮਨਾ, (ਸੁਨਿ) ਸੁਨਣਾ ਕਰ! (ਤਾਹਿ) ਤਿਸ ਮਹਾਂਪੁਰਖ (ਤੈ) ਨੂੰ ਹਰਖ ਸੋਗ ਮਿੱਤ੍ਰ ਸੱਤ੍ਰ ਸੁਭਾਅ ਤੋਂ (ਮੁਕਤਿ) ਛੁੱਟਿਆ, ਜੀਵਨ ਮੁਕਤਿ (ਜਾਨ) ਜਾਨਣਾ ਕਰ। ਜਿਵੇਂ ਸਤਿਗੁਰੂ ਨੌਵੇਂ ਪਾਤਿਸਾਹ ਜੀ ਨੇ ਪਿੰਜਰੇ ’ਚ, ਸੂਈ ਵਰਗੇ ਤਿੱਖੇ ਤੀਰਾਂ ਵਿਚਕਾਰ ਭੋਗ ਦੇ ਸਲੋਕ ਉਚਾਰੇ, ਹਰਖ ਸੋਗ ਮਿੱਤ੍ਰ ਸੱਤ੍ਰ ਸੁਭਾਅ ਤੋਂ ਰਹੇ ਨਿਰਾਰੇ, ਜਾਈਏ ਬਲਿਹਾਰੇ। ਅਥਵਾ (ਤਾਹਿ) ਤਿਨ੍ਹਾਂ ਸਤਿਗੁਰੂ ਨੌਵੇਂ ਪਾਤਿਸਾਹ ਜੀ (ਤੈ) ਤੋਂ ਭਾਵ ਪਾਸੋਂ ਮੁਕਤਿ ਦੀ ਪ੍ਰਾਪਤੀ (ਜਾਨ) ਜਾਨਣਾ ਕਰੋ।

### ਭੈ ਕਾਹੂ ਕਉ ਦੇਤ ਨਹਿ; ਨਹਿ ਭੈ ਮਾਨਤ ਆਨਿ॥

ਜੋ ਬ੍ਰਹਮਗਿਆਨੀ (ਕਾਹੂ) ਕਿਸੇ (ਕਉ) ਨੂੰ ਭੈ (ਨਹਿ) ਨਹੀਂ (ਦੇਤ) ਦਿੰਦੇ ਅਤੇ (ਨਹਿ) ਨਾ ਹੀ (ਆਨਿ) ਹੋਰ ਕਿਸੇ ਦਾ (ਭੈ) ਡਰ (ਮਾਨਤ) ਮੰਨਦੇ ਹਨ। ਯਥਾ:- ਜਾ ਕੇ ਭਗਤ ਕਉ; ਨਾਹੀ ਭੈ॥ ਜਿਵੇਂ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਨੇ ਸ਼ਹੀਦੀ ਦੇਣ ਸਮੇਂ ਡਰ ਨਹੀ ਮੰਨਿਆ। ਔਰੰਗਜੇਬ ਨੇ ਤਲਵਾਰ ਕੱਢ ਕੇ ਕਿਹਾ, “ਮੈਂ ਤੇਰਾ ਸਿਰ ਧੜ ਨਾਲੋਂ ਵੱਖਰਾ ਕਰ ਦੇਵਾਂਗਾ।” ਅੱਗੋਂ ਸਤਿਗੁਰੂ ਸਾਹਿਬ ਜੀ ਨੇ ਨਿਰਭੈਤਾ ਗੰਭੀਰਤਾ ਨਾਲ ਸਹਜੇ ਹੀ ਕਿਹਾ, “ਡਰਨਾ ਤੇ ਡਰੌਣਾ ਪਸ਼ੂਆਂ ਦਾ ਕੰਮ ਹੈ।” ਯਥਾ:- ਕਹੁ ਕਬੀਰ; ਸੁਖਿ ਸਹਜਿ ਸਮਾਵਉ॥ ਆਪਿ ਨ ਡਰਉ; ਨ ਅਵਰ ਡਰਾਵਉ॥੩॥੧੭॥ ਦਾਸ ਸ਼ਹੀਦੀ ਦੇਣ ਲਈ ਸ੍ਰੀ ਅਨੰਦਪੁਰ ਸਾਹਿਬ ਜੀ ਤੋਂ ਚੱਲ ਕੇ ਆਇਆ ਹੈ। ਯਥਾ:- ਯਹ ਤੋ ਹੂਆ ਹੈ. ਕਿ ਕਾਤਲ.


ਮਕਤੂਲ ਕੇ ਪਾਸ ਜਾਏ। ਪਰ ਯਹ ਨਹੀਂ ਹੂਆ. ਕਿ ਮਕਤੂਲ. ਕਾਤਲ ਪਾਸ ਜਾਏ। ਇਸ ਕਰਕੇ ਜਿਵੇਂ ਦਾਸਨਦਾਸ ਦੇ ਗੁਰਮੁਖਿ ਦਾਦੇ ;ਗੁਰੁ ਅਰਜੁਨੁ ਪਰਤਖੵ ਹਰਿ॥੭॥੧੯॥ ਜੀ ਨੇ ਅਪਣੀ ਪਰਮਪੂਜਨੀਕ ਸੱਚੀ ਸ਼ਹੀਦੀ ਦਿਤੀ, ਤਿਵੇਂ ਦਾਸਨਦਾਸ ਨੇ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਸ਼ਹੀਦੀ ਦੇਣੀ ਹੈ।

ਕਹੁ ਨਾਨਕ. ਸੁਨਿ ਰੇ ਮਨਾ; ਗਿਆਨੀ ਤਾਹਿ ਬਖਾਨਿ॥੧੬॥

ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫ਼ੁਰਮੌਂਦੇ ਹਨ:- (ਰੇ) ਹੇ ਮਨਾ, (ਸੁਨਿ) ਸੁਨਣਾ ਕਰ! ਜਿਹੜੇ ਮਹਾਂਪੁਰਸ਼ ਕਿਸੇ ਨੂੰ ਭੈ ਨਹੀਂ ਦਿੰਦੇ, ਕਿਸੇ ਦਾ ਭੈ ਨਹੀਂ ਮੰਨਦੇ, (ਤਾਹਿ) ਤਿਨ੍ਹਾਂ ਨੂੰ, (ਗਿਆਨੀ) ਬ੍ਰਹਮਗਿਆਨੀ; ਸਗਲ ਕੀ ਰੀਨਾ॥) ਬ੍ਰਹਮਗਿਆਨੀ; ਸਦਾ ਸਮਦਰਸੀ॥ ਬ੍ਰਹਮਗਿਆਨੀ ਕੀ ਦ੍ਰਿਸਟਿ; ਅੰਮ੍ਰਿਤੁ ਬਰਸੀ॥ ਪੂਰਨ ਬ੍ਰਹਮਗਿਆਨੀ (ਬਖਾਨਿ) ਕਹਿਣਾ ਕਰ।

ਜਿਹਿ ਬਿਖਿਆ ਸਗਲੀ ਤਜੀ; ਲੀਓ ਭੇਖ ਬੈਰਾਗ॥

ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਮਹਾਰਾਜ, ਸੱਚੇ ਗੁਰਮੁਖਿ ਬੈਰਾਗ ਦੇ ਸੱਚੇ ਦਾਤੇ ਹਨ। ਹੁਣ ਸਰਬੱਤ ਦੇ ਭਲੇ ਲਈ ਫ਼ੁਰਮੌਂਦੇ ਹਨ:- (ਜਿਹਿ) ਜਿਸ ਮਹਾਂਪੁਰਸ਼ ਨੇ ਮਾਇਆ ਵਿਸ਼ਿਆਂ ਦੀ (ਸਗਲੀ) ਸਾਰੀ (ਬਿਖਿਆ) ਜ਼ਹਿਰ (ਤਜੀ) ਛੱਡੀ ਹੈ, ਉਸ ਨੇ ਬੈਰਾਗ ਦਾ (ਭੇਖ) ਸਰੂਪ ਧਾਰ (ਲੀਓ) ਲਿਆ ਹੈ। ਜਿਵੇਂ ਕਈ ਕੋਟਿ; ਭਏ ਬੈਰਾਗੀ॥ ਰਾਮ ਨਾਮ ਸੰਗਿ; ਤਿਨਿ ਲਿਵ ਲਾਗੀ॥ ਤਥਾ:- ਪੂਰਾ ਬੈਰਾਗੀ. ਸਹਜਿ ਸੁਭਾਗੀ; ਸਚੁ ਨਾਨਕ. ਮਨੁ ਮਾਨੰ॥੮॥੧॥



ਕਹੁ ਨਾਨਕ. ਸੁਨ ਰੇ ਮਨਾ; ਤਿਹ ਨਰ ਮਾਥੈ ਭਾਗ॥੧੭॥

ਵਾਹਿਗੁਰੂ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫ਼ੁਰਮੌਂਦੇ ਹਨ ਜੀ:-

(ਰੇ) ਹੇ ਮਨਾ, (ਸੁਨ) ਸੁਨਣਾ ਕਰ! (ਤਿਹ) ਤਿਸ ਵੈਰਾਗੀ (ਨਰ) ਮਹਾਪੁਰਸ਼ ਜੀ ਦੇ ਮਾਥੈ ਦੇ ਵੱਡੇ ਗੁਰਮੁਖਿ ਭਾਗ ਹਨ ਜੀ।

ਜਿਹਿ ਮਾਇਆ ਮਮਤਾ ਤਜੀ; ਸਭ ਤੇ ਭਇਓ ਉਦਾਸ॥

(ਜਿਹਿ) ਜਿਹੜੇ ਗੁਰਮੁਖਿ ਪਿਆਰੇ ਜੀ ਨੇ (ਮਾਇਆ) ਵਿਕਾਰ, ਧਨ, ਪਦਾਰਥ, ਸ੍ਰੀਰ, ਇੰਦ੍ਰਿਆਂ ਦੇ ਵਿਸ਼ਿਆਂ, ਸਬੰਧੀਆਂ ਆਦਿ ਦੀ ਮਮਤਾ (ਤਜੀ) ਛੱਡੀ। ਸਭ (ਤੇ) ਤੋਂ (ਉਦਾਸ) ਉਪਰਾਮ (ਭਇਓ) ਹੋ ਗਏ ਹਨ। ਯਥਾ:- ਮਮਤਾ ਜਾਲ ਤੇ. ਰਹੈ ਉਦਾਸਾ॥ ਪ੍ਰਣਵਤਿ ਨਾਨਕ; ਹਮ ਤਾ ਕੇ ਦਾਸਾ॥੨੦॥੧॥) ਗੁਰਸਿਖ ਜੋਗੀ ਜਾਗਦੇ; ਮਾਇਆ ਅੰਦਰਿ ਕਰਨਿ ਉਦਾਸੀ॥ ਜਿਵੇਂ ਭਾਈ ਹੇਮਾ ਜੀ ਸਿਲ਼ਾ ਚੁਗ ਕੇ ਜਿਹੜਾ ਅੰਨ ਜੋੜਦੇ, ਉਸ ਨੂੰ ਪੀਹ ਪਕਾ ਕੇ ਰਾਹੀ ਪਾਂਧੀ ਨੂੰ ਛਕੌਂਦੇ। ਮਾਇਆ ਤਿਆਗ ਕੇ ਅਤੀ ਹੀ ਪ੍ਰੇਮ ਬੈਰਾਗ ਸਹਿਤ ਰਹਿੰਦੇ ਸਨ।

ਕਹੁ ਨਾਨਕ. ਸੁਨ ਰੇ ਮਨਾ; ਤਿਹ ਘਟਿ ਬ੍ਰਹਮ ਨਿਵਾਸੁ॥੧੮॥

(ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- (ਰੇ) ਹੇ ਮਨਾ, (ਸੁਨ) ਸੁਨਣਾ ਕਰ! (ਤਿਹ) ਤਿਸ ਗੁਰਮੁਖਿ ਪਿਆਰੇ ਜੀ ਦੇ (ਘਟਿ) ਰਿਦੇ 'ਚ ਵਿਆਪਕ ਬ੍ਰਹਮ ਜੀ ਦਾ ਨਿਵਾਸੁ ਹੈ। ਯਥਾ:- ਆਸਾ ਮਨਸਾ ਸਗਲ ਤਿਆਗੈ; ਜਗ ਤੇ ਰਹੈ ਨਿਰਾਸਾ॥ ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ; ਤਿਹ ਘਟਿ ਬ੍ਰਹਮੁ ਨਿਵਾਸਾ॥੨॥

ਜਿਹਿ ਪ੍ਰਾਨੀ ਹਉਮੈ ਤਜੀ; ਕਰਤਾ ਰਾਮ ਪਛਾਨ॥

(ਜਿਹਿ) ਜਿਸ ਗੁਰਮੁਖਿ ਪ੍ਰਾਨੀ ਨੇ, ਜੋਬਨ ਰਾਜ ਧਨ ਮਾਲ ਵਿੱਦਿਆ ਦੇਹ ਹਰ ਤਰ੍ਹਾਂ ਦੀ (ਹਉਮੈ) ਹੰਗਤਾ (ਤਜੀ) ਛੱਡੀ ਹੈ, ਉਸ ਨੇ (ਰਾਮ) ਵਿਆਪਕ ਬ੍ਰਹਮ ਜੀ, ਕੋਟਿ ਬ੍ਰਹਮੰਡ ਦੇ (ਕਰਤਾ) ਕਰਨ ਰਚਣ ਵਾਲੇ ਪਛਾਨ ਲਏ ਹਨ। ਜਿਵੇਂ ਜਿਨ੍ਹਾਂ ਚੰਡਾਲਾਂ ਨੇ ਭਗਤ ਜੈਦੇਵ ਜੀ ਦੇ ਹੱਥ ਵੱਢੇ ਸਨ, ਭਗਤ ਜੀ ਨੇ ਉਨ੍ਹਾਂ 'ਚ ਭੀ, ਕਰਤਾ ਰਾਮ ਜੀ ਪਛਾਣ ਲਏ। ਯਥਾ:- ਜੈਦੇਵ; ਤਿਆਗਿਓ ਅਹੰਮੇਵ॥ ਧੰਨ ਭਗਤ ਜੈਦੇਵ ਜੀ।

ਕਹੁ ਨਾਨਕ. ਵਹੁ ਮੁਕਤਿ ਨਰੁ; ਇਹ ਮਨ ਸਾਚੀ ਮਾਨ॥੧੯॥

ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫ਼ੁਰਮੌਂਦੇ ਹਨ:- (ਵਹੁ) ਉਹ (ਨਰੁ) ਮਹਾਂਪੁਰਖ ਜੀਵਨ ਮੁਕਤਿ ਹੈ ਜੀ। ਹੇ ਮਨ! ਇਹ ਗੱਲ ਸਾਚੀ ਕਰਕੇ (ਮਾਨ) ਮੰਨਣਾ ਕਰ।

ਭਜੈ: ਪੋਲਾ ਬੋਲੋ, ਹੋ-ਹਿ- ਭੈ ਨਾਸਨ. ਦੁਰਮਤਿ ਹਰਨ; ਕਲਿ ਮੈ ਹਰਿ ਕੋ ਨਾਮ॥

(ਕਲਿ) ਕਲਜੁੱਗ (ਮੈ) 'ਚ (ਹਰਿ) ਵਾਹਿਗੁਰੂ ਜੀ (ਕੋ) ਦੇ ਸੱਚੇ ਨਾਮ ਜੀ, ਸਭ ਪ੍ਰਕਾਰ ਦੇ ਭੈ ਨੂੰ (ਨਾਸਨ) ਨਾਸ ਅਤੇ (ਦੁਰਮਤਿ) ਖੋਟੀ ਮਤ ਨੂੰ (ਹਰਨ) ਨਾਸ ਕਰਨ ਵਾਲੇ ਹਨ। ਯਥਾ:- ਦੁਰਮਤਿ ਮਿਟੀ. ਹਉਮੈ ਛੁਟੀ; ਸਿਮਰਤ ਹਰਿ ਕੋ ਨਾਮ॥) ਦੁਰਮਤਿ ਮੇਟਿ. ਬੁਧਿ ਪਰਗਾਸੀ; ਜਨ ਨਾਨਕ. ਗੁਰਮੁਖਿ ਤਾਰੀ॥੪॥੧॥੨॥) ਜਿਨ ਨਿਰਭਉ. ਜਿਨ ਹਰਿ ਨਿਰਭਉ ਧਿਆਇਆ ਜੀ; ਤਿਨ ਕਾ. ਭਉ ਸਭੁ ਗਵਾਸੀ॥

ਜਿਵੇਂ ਬੱਚੇ ਪਾਸ ਐਸੀ ਚੀਜ਼ ਹੋਵੇ, ਜਿਸ ਨੂੰ ਖਾ ਕੇ ਬਿਮਾਰ ਜਾਂ ਮਰਦਾ ਹੋਵੇ, ਤਿਆਗਣਾ ਭੀ ਨ ਚਾਹੇ। ਸੱਚਿਆਰੇ ਮਾਪੇ ਢੰਗ ਨਾਲ ਉਸ ਦੀ ਚੀਜ਼ ਚੋਰੀ ਕਰ ਲੈਂਦੇ ਹਨ। ਇਉਂ ਅਸੀਂ ਦੁਰਮਤਿ ਛੱਡਣੀ ਨਹੀਂ ਚਾਹੁੰਦੇ, ਸਤਿਗੁਰ ਕੀਨੋ ਪਰਉਪਕਾਰੁ॥ ਅਨੁਸਾਰ ਤੁਮ ਗੰਭੀਰ ਧੀਰ ਉਪਕਾਰੀ; ਗੁਰੂ ਪ੍ਰਮੇਸਰ ਜੀ, (ਹਰਿ) ਵਾਹਿਗੁਰੂ ਜੀ (ਕੋ) ਦੇ ਸੱਚੇ ਨਾਮ ਜੀ ਬਖ਼ਸ਼ ਕੇ ਸਭ ਪ੍ਰਕਾਰ ਦੇ ਭੈ ਨੂੰ (ਨਾਸਨ) ਨਾਸ ਅਤੇ (ਦੁਰਮਤਿ) ਖੋਟੀ ਮਤ ਨੂੰ (ਹਰਨ) ਨਾਸ ਕਰਕੇ, ਦੁਰਮਤਿ ਮੈਲ਼ ਨੂੰ ਚੁਰਾ ਕੇ, ਸੰਸਾਰ ਤੋਂ ਭੀ (ਹਰਨ) ਚੁਰਾ ਛੁਪਾ ਕੇ ਰੱਖਦੇ ਹਨ। ਪ੍ਰਗਟ ਨਹੀਂ ਕਰਦੇ ਕਿ ਅਸੀਂ ਸਿੱਖ ਦੀ ਦੁਰਮਤਿ ਮੈਲ਼ ਚੁਰਾਈ ਹੈ। ਸੰਸਾਰ ਤੋਂ ਛੁਪੌਣ ਦਾ ਭਾਵ ਹੈ ਕਿ ਸਿੱਖ ਨੂੰ ਸ਼ਰਮਿੰਦਗੀ ਨ ਹੋਵੇ, ਆਪਣੇ ਸਿੱਖ ਦਾ ਪੜਦਾ ਢਕਦੇ ਹਨ।

ਨਿਸ ਦਿਨਿ ਜੋ ਨਾਨਕ ਭਜੈ; ਸਫਲ ਹੋਹਿ ਤਿਹ ਕਾਮ॥੨੦॥

(ਜੋ) ਜਿਹੜਾ ਗੁਰੂ ਪ੍ਰੇਮੀ, ਗੁਰੂ ਸਾਹਿਬ ਜੀ ਦੀ ਆਗਿਆਕਾਰੀ ਬਹੂ ਬਣ ਕੇ (ਨਿਸ) ਰਾਤ ਦਿਨਿ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਨੂੰ (ਭਜੈ) ਭਜਦਾ, ਸਿਮਰਦਾ, ਜਪਦਾ,

ਧਿਐਂਦਾ ਹੈ (ਤਿਹ) ਤਿਸ ਦੇ ਸਭ (ਕਾਮ) ਕਾਰਜ (ਸ+ਫਲ) ਗਿਆਨ ਫਲ ਦੇ (ਸ) ਸਹਿਤ (ਸਫਲ) ਸੰਪੂਰਨ (ਹੋਹਿ) ਹੋ ਜਾਂਦੇ ਹਨ। ਯਥਾ:- ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ; ਜਿਨ ਹਰਿ ਕਾ ਨਾਮੁ ਪਿਆਰਾ॥) ਅਨਦਿਨੁ ਜਪਉ; ਗੁਰੂ ਗੁਰ ਨਾਮ॥ ਤਾ ਤੇ; ਸਿਧਿ ਭਏ ਸਗਲ ਕਾਂਮ॥੨॥

ਭਜ-ਹੁ: ਪੋਲਾ ਬੋਲੋ- ਜਿਹਬਾ ਗੁਨ ਗੋਬਿੰਦ ਭਜਹੁ; ਕਰਨ ਸੁਨਹੁ ਹਰਿ ਨਾਮ॥

ਅਪਣੀ (ਜਿਹਬਾ) ਜ਼ਬਾਨ ਨਾਲ ਵਾਹਿਗੁਰੂ ਵਾਹਿਗੁਰੂ ਗੋਬਿੰਦ ਗੋਬਿੰਦ ਜੀ ਦੇ ਅਪਾਰ (ਗੁਨ) ਗੁਣਾਂ ਨੂੰ (ਭਜਹੁ) ਭਜੋ, ਸਿਮਰੋ, ਯਾਦ ਕਰੋ ਜੀ। ਰੋਮ ਰੋਮ ਦੇ (ਕਰਨ) ਕੰਨਾਂ ਨਾਲ (ਹਰਿ) ਅਕਾਲਪੁਰਖੁ ਜੀ ਦੇ ਨਾਮ ਨੂੰ (ਸੁਨਹੁ) ਸੁਨਣਾ ਕਰੋ ਜੀ। ਯਥਾ:- ਕੋਟਿ ਕਰਨ ਦੀਜਹਿ. ਪ੍ਰਭ ਪ੍ਰੀਤਮ; ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥) ਸ੍ਰਵਣੀ ਸੁਣੀਐ. ਰਸਨਾ ਗਾਈਐ; ਹਿਰਦੈ ਧਿਆਈਐ ਸੋਈ॥

ਕਹੁ ਨਾਨਕ. ਸੁਨ ਰੇ ਮਨਾ; ਪਰਹਿ ਨ ਜਮ ਕੈ ਧਾਮ॥੨੧॥

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਵਾਹਿਗੁਰੂ (ਨਾਨਕ) ਸਤਿਗੁਰੂ ਨੌਵੇਂ ਪਾਤਿਸਾਹ ਜੀ (ਕਹੁ) ਫ਼ੁਰਮੌਂਦੇ ਹਨ:- (ਰੇ) ਹੇ ਮਨਾ, (ਸੁਨ) ਸੁਨਣਾ ਕਰ! ਪਾਰਬ੍ਰਹਮ ਪੁਰਖ ਦਾਤਾਰਹ; ਵਾਹਿਗੁਰੂ ਜੀ ਦਾ ਸਿਮਰਨ ਕਰਨ ਵਾਲਾ ਗੁਰਮੁਖਿ ਜਮ (ਕੈ) ਦੇ (ਧਾਮ) ਘਰ ਭਾਵ ਨਰਕ (ਨ) ਨਹੀਂ (ਪਰਹਿ) ਪੈਂਦਾ। ਯਥਾ:- ਜਿਨੀ ਤੁਧਨੋ ਧੰਨੁ ਕਹਿਆ; ਤਿਨ ਜਮੁ ਨੇੜਿ. ਨ ਆਇਆ॥) ਸੇ ਮੁਕਤੁ. ਸੇ ਮੁਕਤੁ ਭਏ; ਜਿਨ੍ ਹਰਿ ਧਿਆਇਆ ਜੀਉ; ਤਿਨ ਤੂਟੀ ਜਮ ਕੀ ਫਾਸੀ॥) ਸਿਮਰਿ ਸਿਮਰਿ ਸਿਮਰਿ. ਗੁਣ ਗਾਵਾ; ਕਾਟੀ ਜਮ ਕੀ ਫਾਸਾ ਜੀਉ॥੨॥

ਅਹੰ-ਕਾਰ- ਜੋ ਪ੍ਰਾਨੀ ਮਮਤਾ ਤਜੈ; ਲੋਭ ਮੋਹ ਅਹੰਕਾਰ॥

(ਜੋ) ਜਿਹੜਾ ਗੁਰਮੁਖਿ ਪ੍ਰਾਨੀ ਮਮਤਾ, ਲੋਭ, ਮੋਹ, ਅਹੰਕਾਰ (ਤਜੈ) ਛੱਡਦਾ ਹੈ। ਯਥਾ:- ਕਰਿ ਅਨੁਗ੍ਰਹੁ ਰਾਖਿ ਲੀਨੇ; ਮੋਹ ਮਮਤਾ ਸਭ ਤਜੇ॥) ਬਿਖੁ ਹਉਮੈ ਮਮਤਾ; ਪਰਹਰਾਇ॥) ਮਮਤਾ ਜਾਲ ਤੇ. ਰਹੈ ਉਦਾਸਾ॥

ਅਉਰ-ਨ- ਕਹੁ ਨਾਨਕ. ਆਪਨ ਤਰੈ; ਅਉਰਨ ਲੇਤ ਉਧਾਰ॥੨੨॥

ਬ੍ਰਹਮਗਿਆਨੀ; ਆਪਿ ਨਿਰੰਕਾਰੁ॥ ਸਤਿਗੁਰੂ (ਨਾਨਕ) ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- ਐਸਾ ਪਿਆਰਾ ਗੁਰਸੇਵਕ ਆਪਿ ਮੁਕਤੁ; ਮੁਕਤੁ ਕਰੈ ਸੰਸਾਰੁ॥ ਅਨੁਸਾਰ (ਆਪਨ) ਆਪ ਭਵ

ਸਾਗਰ ਤੋਂ (ਤਰੈ) ਤਰਦਾ ਅਤੇ (ਅਉਰਨ) ਹੋਰਨਾਂ ਨੂੰ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਸਾਹਿਬ ਜੀ ਨਾਲ ਜੋੜ ਕੇ (ਉਧਾਰ) ਤਾਰ (ਲੇਤ) ਲੈਂਦਾ ਹੈ। ਯਥਾ:- ਮਿਟਿਆ ਆਪੁ. ਪਏ ਸਰਣਾਈ; ਗੁਰਮੁਖਿ ਨਾਨਕ. ਜਗਤੁ ਤਰਾਇਆ॥੪॥੧॥੧੪॥) ਬਲਿਹਾਰੀ ਤਿਨ੍ਹਾਂ ਗੁਰਸਿੱਖਾਂ; ਆਪਿ ਤਰੇ ਤਾਰੇਨਿ ਸਰਿਠਾ॥) ਮੰਨੈ; ਤਰੈ ਤਾਰੇ ਗੁਰੁਸਿਖ॥ ਆਪ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਨੇ ਬੇਅੰਤ ਜੀਵ ਤਾਰੇ, ਹੁਣ ਤਾਰ ਰਹੇ ਹਨ, ਅੱਗੇ ਤਾਰਨਗੇ। ਯਥਾ:- ਤਾਰੇ ਗਨੇ ਜਾਤ; ਤੇਰੇ ਤਾਰੇ ਨਾ ਗਿਨਾਤ ਹੈ। ਧੰਨ ਹਨ ਧੰਨ ਹਨ ਧੰਨ ਹਨ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਹਨ। ਪਰਮਪੂਜਨੀਕ ਸ਼ੁਭ ਸੱਚੇ ਸੀਸ ਸਾਹਿਬ ਜੀ ਕੁਰਬਾਨ ਕੀਤੇ। ਐਸੇ ਗੁਰ ਕਉ. ਬਲਿ ਬਲਿ ਜਾਈਐ; ਆਪਿ ਮੁਕਤੁ. ਮੋਹਿ ਤਾਰੈ॥੧॥ਰਹਾਉ॥ ਰੋਮ ਰੋਮ ਕਰਕੇ ਡੰਡਉਤ ਬੰਦਨਾ ਅਨਿਕ ਬਾਰ ਨਮਸਕਾਰ ਬਲਿਹਾਰ।

ਜਿਉ ਸੁਪਨਾ ਅਰੁ ਪੇਖਨਾ; ਐਸੇ ਜਗ ਕਉ ਜਾਨਿ॥

(ਜਿਉ) ਜਿਵੇਂ ਸੁਪਨਾ (ਅਰੁ) ਅਤੇ (ਪੇਖਨਾ) ਪੁਤਲੀਆਂ ਦਾ ਤਮਾਸ਼ਾ ਝੂਠਾ ਹੁੰਦਾ, (ਐਸੇ) ਤਿਵੇਂ (ਜਗ) ਸੰਸਾਰ (ਕਉ) ਨੂੰ ਭੀ ਝੂਠਾ (ਜਾਨਿ) ਜਾਨਣਾ ਕਰੋ ਜੀ। ਯਥਾ:- ਭਭਾ; ਭਰਮੁ ਮਿਟਾਵਹੁ ਅਪਨਾ॥ ਇਆ ਸੰਸਾਰੁ; ਸਗਲ ਹੈ ਸੁਪਨਾ॥) ਜੈਸਾ ਸੁਪਨਾ ਰੈਨਿ ਕਾ; ਤੈਸਾ ਸੰਸਾਰ॥

ਇਨ ਮੈ ਕਛੁ ਸਾਚੋ ਨਹੀ; ਨਾਨਕ. ਬਿਨੁ ਭਗਵਾਨ॥੨੩॥

ਪਰਮਪੂਜਨੀਕ ਪੂਰਨ ਗੁਰੂ (ਨਾਨਕ) ਸਤਿਗੁਰੂ ਗ੍ਰੰਥ ਸਾਹਿਬ ਜੀ ਫੁਰਮੌਂਦੇ ਹਨ:- ਦ੍ਰਿਸਟਿਮਾਨ ਸਭੁ ਬਿਨਸੀਐ; ਕਿਆ ਲਗਹਿ ਗਵਾਰ॥੨॥ ਅਨੁਸਾਰ (ਇਨ) ਇਸ ਦ੍ਰਿਸਟਿਮਾਨ ਜੱਗ (ਮੈ) ’ਚ (ਭਗਵਾਨ) ਦਸ ਸਤਿਗੁਰੂ ਸਾਹਿਬਾਨ ਜੀ ਤੋਂ ਬਿਨੁ (ਕਛੁ) ਕੁੱਝ ਭੀ (ਸਾਚੋ) ਸੱਚ ਅਨੰਦ ਅਮਰ ਅਬਿਨਾਸੀ ਸਰੂਪ ਨਹੀ ਹੈ। ਯਥਾ:- ਸਤਿਗੁਰੁ ਮੇਰਾ ਸਦਾ ਸਦਾ; ਨਾ ਆਵੈ. ਨਾ ਜਾਇ॥ ਓਹੁ ਅਬਿਨਾਸੀ ਪੁਰਖੁ ਹੈ; ਸਭ ਮਹਿ ਰਹਿਆ ਸਮਾਇ॥੧੩॥

ਨਿਸਿ ਦਿਨਿ ਮਾਇਆ ਕਾਰਨੇ; ਪ੍ਰਾਨੀ ਡੋਲਤ ਨੀਤ॥

ਸਰਬ ਸੁਖਾ ਕਾ ਦਾਤਾ ਸਤਿਗੁਰੁ; ਪਰਮੇਸਰ ਜੀ ਨੂੰ ਭੁਲਾ ਕੇ, ਪ੍ਰਾਨੀ (ਨਿਸਿ) ਰਾਤ ਦਿਨਿ ਮਾਇਆ ਦੇ (ਕਾਰਨੇ) ਵਾਸਤੇ (ਨੀਤ) ਨਿਤਾਪ੍ਰਤੀ (ਡੋਲਤ) ਡੋਲਦਾ ਰਹਿੰਦਾ ਅਥਵਾ ਉਸ ਦੀ ਨੀਤ (ਡੋਲਤ)

ਡੋਲਦੀ ਹੈ। ਯਥਾ:– ਮਾਇਆ ਡੋਲੈ ਬਹੁ ਬਿਧੀ; ਮਨੁ ਲਪਟਿਓ ਤਿਹ ਸੰਗ॥

ਕੋਟਨ ਮੈ. ਨਾਨਕ ਕੋਊ; ਨਾਰਾਇਨ ਜਿਹ ਚੀਤਿ॥੨੪॥

ਪਰਮਪੂਜਨੀਕ ਸੱਚੇ ਸਤਿਗੁਰੂ (ਨਾਨਕ) ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- (ਕੋਟਨ) ਕ੍ਰੋੜਾਂ (ਮੈ) 'ਚੋਂ (ਕੋਊ) ਕੋਈ ਵਿਰਲਾ ਹੀ ਗੁਰਮੁਖਿ ਪਿਆਰਾ ਹੈ, (ਜਿਹ) ਜਿਸ ਦੇ (ਚੀਤਿ) ਚਿੱਤ 'ਚ ਨਾਰਾਇਨ ਵਾਹਿਗੁਰੂ ਜੀ ਵਸਦੇ ਹਨ। ਜੈਸੇ ਪਰਮਪੂਜਨੀਕ ਧੰਨ ਬ੍ਰਹਮ ਭਗਤ ਰਵਿਦਾਸ ਸਾਹਿਬ ਜੀ, ਭਗਤ ਜੈਦੇਵ ਜੀ ਆਦਿ ਭਗਤ ਮਹਾਪੁਰਸ਼ ਜੀ। ਨਹੀਂ ਤਾਂ ਅਕਸਰ ਐਸਾ ਵੇਖਣ ਨੂੰ ਮਿਲਦਾ ਹੈ ਕਿ ਬਾਹਰੋਂ ਲਿਵਾਸ ਕਰਕੇ ਵਾਹਿਗੁਰੂ ਜੀ ਦੇ ਨਾਮ ਦੀ ਨਿਸ਼ਾਨੀ ਹੈ, ਪਰ ਮਨੁ ਮਾਇਆ ਦਾ ਮੋਹਿਆ ਹੋਇਆ ਹੈ। ਯਥਾ:- ਭਗਉਤੀ ਮੁਦ੍ਰਾ; ਮਨੁ ਮੋਹਿਆ ਮਾਇਆ॥੧॥ਰਹਾਉ॥

ਜੈਸੇ ਜਲ ਤੇ ਬੁਦਬੁਦਾ; ਉਪਜੈ ਬਿਨਸੈ ਨੀਤ॥

(ਜੈਸੇ) ਜਿਵੇਂ (ਨੀਤ) ਨਿਤਾਪ੍ਰਤੀ ਬਰਖਸਿ ਬਾਣੀ; ਬੁਦਬੁਦਾ ਹੇਰਿ॥ ਅਨੁਸਾਰ ਮੀਂਹ ਪੈਣ ਨਾਲ ਇੱਕ ਕਣੀ (ਤੇ) ਤੋਂ ਜਲ ਦਾ (ਬੁਦਬੁਦਾ) ਬੁਲਬੁਲਾ (ਉਪਜੈ) ਪੈਦਾ ਹੁੰਦਾ ਹੈ ਅਤੇ ਦੂਜੀ ਕਣੀ ਦੇ ਨਾਲ (ਬਿਨਸੈ) ਫੁੱਟ ਜਾਂਦਾ ਹੈ। ਯਥਾ:- ਬਰਖਾ ਸਮੈ ਜੈਸੇ ਬੁਦਬੁਦਾ ਕੌ ਪ੍ਰਗਾਸ; ਤਾਸ ਨਾਮ ਪਲਕ ਮੈ ਨ ਤਉ ਠਹਿਰਾਤ ਹੈ॥

ਜੱਗ- ਜਗ ਰਚਨਾ ਤੈਸੇ ਰਚੀ; ਕਹੁ ਨਾਨਕ. ਸੁਨ ਮੀਤ॥੨੫॥

ਧੰਨ ਹਨ ਧੰਨ ਹਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਾਰ ਸਾਹਿਬ ਜੀ ਹੁਣ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ, ਹੁਣ ਅਸੰਖ ਸੂਰਜਾਂ ਚੰਦ੍ਰਮਿਆਂ ਅਗਨੀਆਂ ਤਾਰਿਆਂ ਬਿਜਲੀਆਂ ਟਟਿਆਣਿਆਂ ਅਸੰਖ ਬ੍ਰਹਮੰਡਾਂ, ਸਾਰਿਆਂ ਦੇ ਨੇਤ੍ਰਾਂ ਕੰਨਾਂ ਇੰਦ੍ਰਿਆਂ, ਅਪਣੇ ਅਸੰਖ ਭਗਤਾਂ ਨੂੰ ਨਾਮ ਪ੍ਰੇਮ ਭਾਉ ਭਗਤੀ ਬ੍ਰਹਮਗਿਆਨ ਦੇ ਕੇ ਪ੍ਰਕਾਸ਼ ਰਹੇ ਹਨ। ਐਸੇ ਪ੍ਰਭੂ ਦਾਤੇ ਸਿਰਜਨਹਾਰ ਨਿਰੰਕਾਰ ਅਗਮ ਅਪਾਰ ਵਾਹਿਗੁਰੂ ਨਾਨਕ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- ਹੇ ਪਿਆਰੇ (ਮੀਤ) ਮਿੱਤ੍ਰ ਜੀ (ਸੁਨ) ਸੁਣਨਾ ਕਰੋ ਜੀ! ਬਿਅੰਤ (ਜਗ) ਜਗਤ, ਬ੍ਰਹਮੰਡ ਦੀ ਰਚੀ ਰਚਨਾ (ਤੈਸੇ) ਤਿਵੇਂ ਪਾਣੀ ਦੇ ਬੁਲਬੁਲੇ ਵਾਂਗ ਨਾਸਵੰਤ ਹੈ। ਯਥਾ:- ਜਿਉ ਜਲ ਊਪਰਿ ਫੇਨੁ ਬੁਦਬੁਦਾ; ਤੈਸਾ ਇਹੁ ਸੰਸਾਰਾ॥ ਜਿਸ ਤੇ ਹੋਆ ਤਿਸਹਿ ਸਮਾਣਾ; ਚੂਕਿ ਗਇਆ ਪਾਸਾਰਾ॥੪॥੧॥

### ਪ੍ਰਾਨੀ ਕਛੂ. ਨ ਚੇਤਈ; ਮਦ ਮਾਇਆ ਕੈ ਅੰਧ॥

ਮਾਇਆ ਤੇ (ਮਦ) ਹੰਕਾਰ, (ਮਦ) ਨਸ਼ੇ (ਕੈ) ਦੇ (ਅੰਧ) ਅੰਨ੍ਹੇ ਪ੍ਰਾਨੀ ਨੇ ਪਰਮਪੂਜਨੀਕ ਅਕਾਲਪੁਰਖੁ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਪਰਉਪਕਾਰਾਂ ਨੂੰ (ਕਛੂ) ਥੋੜੇ ਮਾਤ੍ਰ ਭੀ (ਚੇਤਈ) ਚੇਤੇ (ਨ) ਨਹੀਂ ਕੀਤਾ। ਯਥਾ:- ਮਨਮੁਖੁ ਅੰਧੁ. ਨ ਚੇਤਈ; ਕਿਉ ਦਰਸਨੁ ਪਾਏ॥੬॥) ਮਨੂਆ ਅੰਧੁ. ਨ ਚੇਤਈ; ਪੜੈ ਅਚਿੰਤਾ ਜਾਲੁ॥) ਕਰਤਬ ਕਰਨਿ ਭਲੇਰਿਆ; ਮਦਿ ਮਾਇਆ ਸੁਤੇ॥) ਮਦਿ ਮਾਇਆ ਕੈ. ਭਇਓ ਬਾਵਰੋ; ਹਰਿ ਜਸੁ. ਨਹਿ ਉਚਰੈ॥

### ਕਹੁ ਨਾਨਕ. ਬਿਨੁ ਹਰਿ ਭਜਨ; ਪਰਤ ਤਾਹਿ ਜਮ ਫੰਧ॥੨੬॥

(ਨਾਨਕ) ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- (ਹਰਿ) ਕਰਤਾਪੁਰਖੁ ਵਾਹਿਗੁਰੂ ਜੀ ਦਾ (ਭਜਨ) ਸਿਮਰਨ ਤੋਂ (ਬਿਨੁ) ਬਿਨਾ (ਤਾਹਿ) ਤਿਸ ਮਨਮੁਖ ਨੂੰ (ਜਮ) ਜਮਾਂ ਦਾ (ਫੰਧ) ਫਾਹਾ (ਪਰਤ) ਪੈ ਜਾਂਦਾ ਹੈ। ਯਥਾ:- ਬਾਝਹੁ ਗੁਰੂ ਅਚੇਤੁ ਹੈ; ਸਭ ਬਧੀ ਜਮਕਾਲਿ॥) ਹਰਿ ਕਾ ਨਾਮੁ; ਜਿਨਿ. ਮਨਿ ਨ ਆਰਾਧਾ॥ ਚੋਰ ਕੀ ਨਿਆਈ; ਜਮਪੁਰਿ ਬਾਧਾ॥੬॥

### ਜਉ ਸੁਖ ਕਉ ਚਾਹੈ ਸਦਾ; ਸਰਨਿ ਰਾਮ ਕੀ ਲੇਹ॥

(ਜਉ) ਜੇਕਰ ਚੌਰਾਸੀ ਤੋਂ ਮੁਕਤ ਹੋਣ ਦਾ ਸੁਖ, ਔਗੁਣਾਂ ਪਾਪਾਂ ਦੇ ਬੰਧਨਾਂ ਤੋਂ ਛੁੱਟਣ ਦਾ ਸੁਖ, ਗੁਰਬਾਣੀ ਜੀ ਨਾਮ ਜੀ ਦੇ ਬ੍ਰਹਮਾਨੰਦ ਅੰਮ੍ਰਿਤ ਰਸ ਪੀਣ ਦਾ ਸੁਖ ਅਥਵਾ ਸੱਚੇ ਕੰਤ ਭਗਵੰਤ ਵਾਹਿਗੁਰੂ ਜੀ 'ਚ ਲੀਨ ਹੋਣ ਦਾ ਸੁਖ (ਕਉ) ਨੂੰ ਸਦਾ (ਚਾਹੈ) ਚਾਹੁੰਦੇ ਹੋਂ, ਫੇਰ ਸਰਬ ਸੁਖਾ ਕਾ ਦਾਤਾ ਸਤਿਗੁਰੁ; ਤਾ ਕੀ ਸਰਨੀ ਪਾਈਐ॥ ਅਨੁਸਾਰ ਸੁਖਦਾਤੇ (ਰਾਮ) ਸਤਿਗੁਰੂ ਨਾਨਕਦੇਵ ਸਾਹਿਬ ਜੀ (ਕੀ) ਦੀ ਸੱਚੀ ਮਿੱਠੀ ਸਰਨਿ (ਲੇਹ) ਲੈਣਾ ਕਰੋ ਜੀ। ਯਥਾ:- ਅੰਗ ਅੰਗ ਸੁਖਦਾਈ. ਪੂਰਨ ਬ੍ਰਹਮਾਈ; ਥਾਨ ਥਾਨੰਤਰ ਦੇਸਾ॥) ਸਰਣਿ ਪਰੇ ਕੀ ਰਾਖਤਾ; ਨਾਹੀ ਸਹਸਾਇਆ॥) ਜੋ ਜੋ ਸਰਣਿ ਪਰਿਓ ਗੁਰ ਨਾਨਕ; ਅਭੈ ਦਾਨੁ ਸੁਖ ਪਾਏ॥੪॥੧॥੯੧॥ ਜਿਵੇਂ ਆਪ ਤੂ ਸਤਿਗੁਰੁ ਚਹੁ ਜੁਗੀ; ਆਪਿ ਆਪੇ ਪਰਮੇਸਰੁ॥ ਅਨੁਸਾਰ ਸਦੀਵ ਕਾਲ ਰਹਿਣ ਵਾਲੇ ਪਰਮਪੂਜਨੀਕ ਸਤਿਗੁਰੂ ਨੌਵੇਂ ਪਾਤਿਸਾਹ ਜੀ ਨੇ, ਦੇਸ਼ 'ਚ ਕਥਾ ਕੀਰਤਨ ਧਰਮ ਪ੍ਰਚਾਰ ਕਰਕੇ, ਸਭ ਨੂੰ ਗੁਰਬਾਣੀ ਗੁਰੂ ਮਰਯਾਦਾ ਬਖ਼ਸ਼ ਕੇ, ਅਪਣੇ ਪਿਆਰੇ ਸਿੱਖਾਂ

ਭਾਈ ਮਤੀਦਾਸ ਸਾਹਿਬ ਜੀ, ਭਾਈ ਸਤੀਦਾਸ ਸਾਹਿਬ ਜੀ, ਭਾਈ ਦਿਆਲਦਾਸ ਸਾਹਿਬ ਜੀ ਦੀ ਕੁਰਬਾਨੀ, ਆਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੀਸ ਦਾ ਬਲੀਦਾਨ ਦੇ ਕੇ, ਸ਼ਰਨੀ ਆਏ ਗ੍ਰੀਬ ਦੁਖੀ ਬ੍ਰਾਹਮਣਾਂ ਹਿੰਦੂਆਂ ਦਾ ਤਿਲਕ ਜੰਞੂ ਰੱਖ ਕੇ ਤਿਨ੍ਹਾਂ ਨੂੰ ਸੁਖੀ ਕਰ ਦਿੱਤਾ।

ਦੁਰ-ਲਭ:- ਕਹੁ ਨਾਨਕ. ਸੁਨ ਰੇ ਮਨਾ; ਦੁਰਲਭ ਮਾਨੁਖ ਦੇਹ॥੨੭॥

ਧੰਨ ਧੰਨ ਪੂਰਨ ਗੁਰੂ ਸਤਿਗੁਰੂ (ਨਾਨਕ) ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- (ਰੇ) ਹੇ ਮਨਾ (ਸੁਨ) ਸੁਣਣਾ ਕਰ! ਕਬੀਰ. ਮਾਨਸ ਜਨਮੁ ਦੁਲੰਭੁ ਹੈ; ਹੋਇ ਨ. ਬਾਰੈ ਬਾਰ॥ ਅਨੁਸਾਰ ਇਹ (ਮਾਨੁਖ) ਮਨੁੱਖਾ (ਦੇਹ) ਦੇਹੀ (ਦੁਰਲਭ) ਅਮੋਲਕ, ਕਠਨ ਲੱਭਣ ਵਾਲੀ ਹੈ। ਐਸੀ ਦੁਰਲਭ ਹੈ ਕਿ ਪਸ਼ੂ ਪ੍ਰੇਤ ਪੱਥਰ ਬ੍ਰਿਛ ਕੀਟ ਪਤੰਗ ਆਦਿ ਚੌਰਾਸੀ ਲੱਖ ਜੂਨ, ਤੇ ਕਈ ਜੂਨਾਂ ਬਾਰ ਬਾਰ ਭੋਗਣ ਤੋਂ ਮਗਰੋਂ ਇਹ ਦੇਹੀ ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ ਨੂੰ ਮਿਲਣ ਲਈ ਮਿਲੀ ਹੈ। ਇਸ ਕਰਕੇ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੀ ਸ਼ਰਨ ਪੈਣਾ ਕਰੋ ਜੀ। ਯਥਾ:- ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ॥) ਕਈ ਜਨਮ; ਭਏ ਕੀਟ ਪਤੰਗਾ॥ ਕਈ ਜਨਮ; ਗਜ ਮੀਨ ਕੁਰੰਗਾ॥ ਕਈ ਜਨਮ; ਪੰਖੀ ਸਰਪ ਹੋਇਓ॥ ਕਈ ਜਨਮ; ਹੈਵਰ ਬ੍ਰਿਖ ਜੋਇਓ॥੧॥ ਮਿਲੁ ਜਗਦੀਸ; ਮਿਲਨ ਕੀ ਬਰੀਆ॥ ਚਿਰੰਕਾਲ; ਇਹ ਦੇਹ ਸੰਜਰੀਆ॥੧॥ਰਹਾਉ॥

ਮਾਇਆ ਕਾਰਨਿ ਧਾਵਹੀ; ਮੂਰਖ ਲੋਗ ਅਜਾਨ॥

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ; ਹਲਕਿਓ ਸਭਹਿ ਬਿਗਾਰੇ॥ ਅਨੁਸਾਰ ਲੋਭ ਦੀ ਲਹਿਰ 'ਚ ਹਲ਼ਕੇ ਹੋਏ (ਅਜਾਨ) ਬੇਸਮਝ ਮੂਰਖ ਲੋਗ ਮਾਇਆ ਦੇ (ਕਾਰਨਿ) ਵਾਸਤੇ ਦਸੋ ਦਿਸਾਂ 'ਚ (ਧਾਵਹੀ) ਦੌੜਦੇ ਹਨ। ਯਥਾ:- ਸਹਸ ਖਟੇ; ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ; ਮਾਇਆ ਪਾਛੈ ਪਾਵੈ॥) ਕੋਟਿ ਜੋਰੇ ਲਾਖ ਕ੍ਰੋਰੇ; ਮਨੁ ਨ ਹੋਰੇ॥ ਪਰੈ ਪਰੈ ਹੀ ਕਉ; ਲੁਝੀ ਹੇ॥੧॥ ਅਥਵਾ ਮਾਇਆ ਦੀ ਪ੍ਰਾਪਤੀ (ਕਾਰਨਿ) ਲਈ ਬਹੁਤ (ਧਾਵਹੀ) ਧਾਵੇ ਹੱਲੇ ਬੋਲਦੇ ਹਨ, ਜੀਆਂ ਨੂੰ ਮਾਰਦੇ ਸਾੜਦੇ ਪਛਾੜਦੇ ਅੱਗਾਂ ਲੌਂਦੇ ਹਨ। ਯਥਾ:- ਜਿਸੁ ਧਨ ਕਉ; ਚਾਰਿ ਕੁੰਟ ਉਠਿ ਧਾਵਹਿ॥

ਕਹੁ ਨਾਨਕ. ਬਿਨੁ ਹਰਿ ਭਜਨਿ; ਬਿਰਥਾ ਜਨਮੁ ਸਿਰਾਨ॥੨੮॥

ਸ਼ਹੀਦਾਂ ਦੇ ਸਿਰਤਾਜ, ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ (ਨਾਨਕ) ਸਤਿਗੁਰੂ ਤੇਗਬਹਾਦਰ

ਸਾਹਿਬ ਜੀ (ਕਹੁ) ਫੁਰਮੌਂਦੇ ਹਨ:- (ਹਰਿ) ਅਕਾਲਪੁਰਖੁ ਜੀ ਦੇ (ਭਜਨਿ) ਸਿਮਰਨ ਪ੍ਰੇਮਾ ਭਗਤੀ (ਬਿਨੁ) ਬਿਨਾ ਜਨਮੁ (ਬਿਰਥਾ) ਵਿਅਰਥ ਹੀ (ਸਿਰਾਨ) ਬਿਤਾ ਰਹੇ ਹਨ। ਯਥਾ:- ਦੁਲਭ ਜਨਮੁ. ਪੁੰਨ ਫਲ ਪਾਇਓ; ਬਿਰਥਾ ਜਾਤ ਅਬਿਬੇਕੈ॥) ਮਨਮੁਖ ਮੁਗਧੁ. ਹਰਿ ਨਾਮੁ, ਨ ਚੇਤੈ; ਬਿਰਥਾ ਜਨਮੁ ਗਵਾਇਆ॥) ਜਿਨੀ. ਐਸਾ ਹਰਿ ਨਾਮੁ. ਨ ਚੇਤਿਓ; ਸੇ ਕਾਹੇ. ਜਗਿ ਆਏ. ਰਾਮ ਰਾਜੇ॥ ਇਹੁ ਮਾਣਸ ਜਨਮੁ ਦੁਲੰਭੁ ਹੈ; ਨਾਮ ਬਿਨਾ ਬਿਰਥਾ ਸਭੁ ਜਾਏ॥

ਜੋ ਪ੍ਰਾਨੀ. ਨਿਸਿ ਦਿਨਿ ਭਜੈ; ਰੂਪ ਰਾਮ ਤਿਹ ਜਾਨੁ॥

(ਜੋ) ਜਿਹੜਾ ਗੁਰਮੁਖਿ ਪ੍ਰਾਨੀ ਗੁਰਪ੍ਰਸਾਦਿ ਅਹਿਨਿਸਿ; ਭਗਤਿ ਕਰੇ ਲਿਵ ਲਾਇ॥ ਅਨੁਸਾਰ (ਨਿਸਿ) ਰਾਤ (ਦਿਨਿ) ਦਿਨੇ ਪਰਮਪੂਜਨੀਕ ਵਾਹਿਗੁਰੂ ਜੀ ਨੂੰ (ਭਜੈ) ਜਪਦਾ, ਹੇ ਮਨ! (ਤਿਹ) ਤਿਸ ਨੂੰ (ਰਾਮ) ਵਿਸਮਾਦ ਸੁੰਦਰ ਵਿਆਪਕ ਵਾਹਿਗੁਰੂ ਜੀ ਦਾ (ਰੂਪ) ਸਰੂਪ ਹੀ (ਜਾਨੁ) ਜਾਨਣਾ ਕਰ। ਯਥਾ:- ਦੋਹਰਾ॥ ਹਰਿ ਹਰਿਜਨ ਦੁਈ ਏਕ ਹੈਂ; ਬਿਬ ਬਿਚਾਰ ਕਛੁ ਨਾਹਿ॥ ਜਲ ਤੇ ਉਪਜ ਤਰੰਗ ਜਿਉ; ਜਲ ਹੀ ਬਿਖੈ ਸਮਾਹਿ॥੬੦॥੨੭੫॥) ਬ੍ਰਹਮਗਿਆਨੀ; ਆਪਿ ਨਿਰੰਕਾਰੁ॥

ਅੰਗ ੧੪੨੮- ਹਰਿ ਜਨ ਹਰਿ ਅੰਤਰੁ ਨਹੀ; ਨਾਨਕ. ਸਾਚੀ ਮਾਨੁ॥੨੯॥

(ਨਾਨਕ) ਸੱਚੇ ਕੰਤ ਸੱਚੇ ਭਗਵੰਤ, ਪਾਰਬ੍ਰਹਮ ਬਿਅੰਤ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- ਐਸੇ (ਹਰਿ) ਵਿਆਪਕ ਵਾਹਿਗੁਰੂ ਜੀ ਦੇ (ਜਨ) ਪਿਆਰੇ ਗੁਰਸੇਵਕ ਜੀ ਅਤੇ ਅਸੰਖ ਪ੍ਰਕਾਸ਼ ਹੀ ਪ੍ਰਕਾਸ਼ ਵਿਸਮਾਦ ਸਰੂਪ ਅਨਤ ਕਲਾਵਾਨ (ਹਰਿ) ਵਾਹਿਗੁਰੂ ਜੀ 'ਚ ਕੋਈ (ਅੰਤਰੁ) ਫਰਕ ਨਹੀ, ਇੱਕ ਸਰੂਪ ਹੀ ਹਨ। ਹੇ ਮਨ ਅਥਵਾ ਹੇ ਪਿਆਰੇ ਗੁਰਮੁਖਿ ਗੁਰਸਿੱਖੋ! ਇਹ ਗੱਲ (ਸਾਚੀ) ਸੱਚੀ (ਮਾਨੁ) ਮੰਨਣਾ ਕਰੋ ਜੀ ਰਾਮ ਜੀ! ਯਥਾ:- ਜਿਨਿ ਜਾਤਾ; ਸੋ ਤਿਸ ਹੀ ਜੇਹਾ॥ ਅਤਿ ਨਿਰਮਾਇਲੁ; ਸੀਝਸਿ ਦੇਹਾ॥) ਜਿਨ੍ਹਾ. ਨ ਵਿਸਰੈ ਨਾਮੁ; ਸੇ ਕਿਨੇਹਿਆ॥ ਭੇਦੁ. ਨ ਜਾਣਹੁ ਮੂਲਿ; ਸਾਂਈ ਜੇਹਿਆ॥੧॥

ਫਧਿ: ਪੋਲਾ ਬੋਲੋ- ਮਨੁ ਮਾਇਆ ਮੈ ਫਧਿ ਰਹਿਓ; ਬਿਸਰਿਓ ਗੋਬਿੰਦ ਨਾਮ॥

ਮਨੁ ਮਾਇਆ ਬੰਧਿਓ; ਸਰ ਜਾਲਿ॥ ਅਨੁਸਾਰ ਮਨਮੁਖ ਦਾ ਮਨੁ ਮਾਇਆ (ਮੈ) ਵਿੱਚ (ਫਧਿ) ਫਸ (ਰਹਿਓ) ਰਿਹਾ ਹੈ। ਜਿਸ ਕਰਕੇ ਖੰਡ ਬ੍ਰਹਮੰਡ ਦੇ ਉਧਾਰਨਹਾਰ (ਗੋਬਿੰਦ) ਸੱਚੇ ਕੰਤ ਸੱਚੇ ਭਗਵੰਤ,

ਪਾਰਬ੍ਰਹਮ ਬਿਅੰਤ ਸੱਚੇ ਵਾਹਿਗੁਰੂ ਜੀ ਦੇ ਸੱਚੇ ਮਿੱਠੇ ਨਾਮ ਜੀ (ਬਿਸਰਿਓ) ਭੁੱਲ ਗਏ। ਯਥਾ:- ਏਹ ਮਾਇਆ. ਜਿਤੁ ਹਰਿ ਵਿਸਰੈ; ਮੋਹੁ ਉਪਜੈ. ਭਾਉ ਦੂਜਾ ਲਾਇਆ॥

ਕਹੁ ਨਾਨਕ. ਬਿਨੁ ਹਰਿ ਭਜਨ; ਜੀਵਨ ਕਉਨੇ ਕਾਮ॥੩੦॥

ਪਾਰਬ੍ਰਹਮ ਕੇ ਗੁਰ ਅਵਤਾਰ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- ਬਿਨੁ ਸਿਮਰਨ; ਦਿਨੁ ਰੈਨਿ ਬ੍ਰਿਥਾ ਬਿਹਾਇ॥ ਅਨੁਸਾਰ (ਹਰਿ) ਅਕਾਲਪੁਰਖੁ ਜੀ ਦੇ (ਭਜਨ) ਸਿਮਰਨ (ਬਿਨੁ) ਬਿਨਾ ਜੀਵਨ (ਕਉਨੇ) ਕਿਸ (ਕਾਮ) ਕੰਮ ਹੈ? ਭਾਵ ਵਿਅਰਥ ਹੈ। ਯਥਾ:- ਖਸਮੁ ਵਿਸਾਰਿ; ਕੀਏ ਰਸ ਭੋਗ॥ ਤਾਂ ਤਨਿ; ਉਠਿ ਖਲੋਏ ਰੋਗ॥) ਹਰਿ ਕੇ ਨਾਮ ਹੀਨ, ਬੇਤਾਲ॥) ਬਿਨੁ ਸਿਮਰਨ; ਜੈਸੇ ਸਰਪ ਆਰਜਾਰੀ॥ ਤਿਉ ਜੀਵਹਿ ਸਾਕਤ; ਨਾਮੁ ਬਿਸਾਰੀ॥੧॥

ਪ੍ਰਾਨੀ ਰਾਮੁ. ਨ ਚੇਤਈ; ਮਦਿ ਮਾਇਆ ਕੈ ਅੰਧੁ॥

ਪ੍ਰਾਨੀ (ਰਾਮੁ) ਸੁੰਦਰ ਵਿਆਪਕ ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ ਨੂੰ (ਚੇਤਈ) ਯਾਦ (ਨ) ਨਹੀਂ ਕਰਦਾ। ਜਿਸ ਕਰਕੇ ਮਾਇਆ (ਕੈ) ਦੇ (ਮਦਿ) ਨਸ਼ੇ 'ਚ (ਅੰਧੁ) ਅੰਨ੍ਹਾ ਹੋ ਰਿਹਾ ਹੈ। ਯਥਾ:- ਬਿਰਥਾ; ਨਾਮ ਬਿਨਾ ਤਨੁ ਅੰਧ॥ ਮੁਖਿ ਆਵਤ; ਤਾ ਕੈ ਦੁਰਗੰਧ॥

ਕਹੁ ਨਾਨਕ. ਹਰਿ ਭਜਨ ਬਿਨੁ; ਪਰਤ ਤਾਹਿ ਜਮ ਫੰਧ॥੩੧॥

(ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- (ਹਰਿ) ਅਕਾਲਪੁਰਖੁ ਜੀ ਦੇ ਭਜਨ ਕੀਤੇ (ਬਿਨੁ) ਬਿਨਾ (ਤਾਹਿ) ਉਸ ਨੂੰ ਜਮ ਦਾ (ਫੰਧ) ਫਾਹਾ (ਪਰਤ) ਪੈਂਦਾ ਹੈ। ਯਥਾ:- ਹਰਿ ਕਾ ਨਾਮੁ; ਜਿਨਿ. ਮਨਿ ਨ ਆਰਾਧਾ॥ ਚੋਰ ਕੀ ਨਿਆਈ; ਜਮਪੁਰਿ ਬਾਧਾ॥੬॥

ਸੁਖ ਮੈ ਬਹੁ ਸੰਗੀ ਭਏ; ਦੁਖ ਮੈ ਸੰਗਿ. ਨ ਕੋਇ॥

ਸੁਖ (ਮੈ) 'ਚ (ਬਹੁ) ਬਹੁਤੇ (ਸੰਗੀ) ਸਾਥੀ ਮਿੱਤ੍ਰ (ਭਏ) ਹੋ ਜਾਂਦੇ ਹਨ। ਪਰ ਦੁਖ (ਮੈ) 'ਚ (ਕੋਇ) ਕੋਈ ਭੀ (ਸੰਗਿ) ਸਾਥ (ਨ) ਨਹੀਂ ਹੁੰਦਾ। ਯਥਾ:- ਸੁਖ ਮੈ ਆਨਿ ਬਹੁਤੁ ਮਿਲਿ ਬੈਠਤ; ਰਹਤ ਚਹੂ ਦਿਸਿ ਘੇਰੈ॥ ਬਿਪਤਿ ਪਰੀ. ਸਭ ਹੀ ਸੰਗੁ ਛਾਡਿਤ; ਕੋਊ. ਨ ਆਵਤ ਨੇਰੈ॥੧॥) ਸੋਰਠਿ ਮਹਲਾ ੯॥ ਇਹ ਜਗਿ ਮੀਤੁ; ਨ ਦੇਖਿਓ ਕੋਈ॥ ਸਗਲ ਜਗਤੁ ਅਪਨੈ ਸੁਖ ਲਾਗਿਓ; ਦੁਖ ਮੈ. ਸੰਗਿ ਨ

ਹੋਈ॥੧॥ਰਹਾਉ॥ ਦਾਰਾ ਮੀਤ ਪੂਤ ਸਨਬੰਧੀ; ਸਗਰੇ ਧਨ ਸਿਉ ਲਾਗੇ॥ ਜਬ ਹੀ ਨਿਰਧਨ ਦੇਖਿਓ ਨਰ ਕਉ; ਸੰਗੁ ਛਾਡਿ ਸਭ ਭਾਗੇ॥੧॥) ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ; ਤੇ ਸਭਿ ਅਪਨੈ ਸੁਆਇ ਮਿਲਾਸਾ॥ ਜਿਤੁ ਦਿਨਿ. ਉਨ੍ਿ ਕਾ ਸੁਆਉ ਹੋਇ, ਨ ਆਵੈ; ਤਿਤੁ ਦਿਨਿ ਨੇੜੈ. ਕੋ ਨ ਢੁਕਾਸਾ॥

ਕਹੁ ਨਾਨਕ. ਹਰਿ ਭਜੁ ਮਨਾ; ਅੰਤਿ ਸਹਾਈ ਹੋਇ॥੩੨॥

(ਨਾਨਕ) ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- ਹੇ ਮਨਾ! ਪਰਮਪਵਿੱਤ੍ਰ ਸ਼ੁਭ ਸੱਚੇ ਸ੍ਰਬ ਵਿਆਪੀ ਮਹਾਂ ਵਿਸਮਾਦ ਅਜਪਾ ਜਾਪ (ਹਰਿ) ਵਾਹਿਗੁਰੂ ਜੀ ਦਾ (ਭਜੁ) ਭਜਨ ਕਰ, ਜੋ ਤੇਰੇ ਅੰਤਿ ਵੇਲੇ ਸਹਾਈ (ਹੋਇ) ਹੋਣਗੇ, ਭਾਵ ਪਰਮਪੂਜਨੀਕ ਧਰਮੀ ਪਿਤਾ ਸਤਿਗੁਰੂ ਸਾਹਿਬ ਜੀ, ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕਰਕੇ ਤੇਰੀ ਰੱਖਿਆ ਕਰਨਗੇ। ਯਥਾ:- ਜਹ ਮਾਤ ਪਿਤਾ; ਸੁਤ ਮੀਤ ਨ ਭਾਈ॥ ਮਨ ਊਹਾ; ਨਾਮੁ ਤੇਰੈ ਸੰਗਿ ਸਹਾਈ॥

ਜਨਮ ਜਨਮ ਭਰਮਤ ਫਿਰਿਓ; ਮਿਟਿਓ ਨ. ਜਮ ਕੋ ਤ੍ਰਾਸੁ॥

ਨਾਮ ਜਪਣ ਜਪੌਣ, ਪਰਉਪਕਾਰ ਬਿਨਾ ਮਨਮੁਖ (ਜਨਮ) ਜਨਮਾਂ (ਜਨਮ) ਜਨਮਾਂ ਵਿੱਚ (ਭਰਮਤ) ਭ੍ਰਮਦਾ (ਫਿਰਿਓ) ਫਿਰਿਆ ਅਤੇ ਜਮ (ਕੋ) ਦਾ (ਤ੍ਰਾਸੁ) ਡਰ (ਨ) ਨਹੀਂ (ਮਿਟਿਓ) ਮਿਟਿਆ।

ਕਹੁ ਨਾਨਕ. ਹਰਿ ਭਜੁ ਮਨਾ; ਨਿਰਭੈ ਪਾਵਹਿ ਬਾਸੁ॥੩੩॥

ਨਾਨਕ. ਨਿਰਭਉ ਨਿਰੰਕਾਰੁ; ਪੂਰਨ ਗੁਰ ਅਵਤਾਰ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- ਹੇ ਮਨਾ! ਹਰਿ ਜੀ ਦਾ (ਭਜੁ) ਭਜਨ ਕਰ ਜਿਸ ਨਾਲ (ਨਿਰਭੈ) ਭੈ ਰਹਿਤ ਵਾਹਿਗੁਰੂ ਜੀ ਦੇ ਪ੍ਰਕਾਸ਼ ਸਰੂਪ ’ਚ (ਬਾਸੁ) ਵਸਣਾ (ਪਾਵਹਿ) ਪਾਵੇਂਗਾ।

ਪਰਮਪੂਜਨੀਕ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਜਿਨ੍ਹਾਂ ਨੇ ਅਸੰਖ ਕਸ਼ਟ ਸਹਾਰੇ, ਲੋਹੇ ਦੇ ਤੰਗ ਪਿੰਜਰੇ ’ਚ ਤਿੱਖੇ ਤੀਰਾਂ ਵਿੱਚਕਾਰ ਬੈਠੇ, ਸਾਰੇ ਕਸ਼ਟਾਂ ਨੂੰ ਸਹਿੰਦੇ ਹੋਏ ਆਪ ਨਿਰਭਉ ਰਹੇ। ਯਥਾ:-

ਨਿਰਭਉ ਹੋਇ ਰਹੇ ਲਿਵ ਏਕੈ; ਨਾਨਕ ਹਰਿ ਮਨੁ ਮਾਨੀ॥੨॥੧॥ ਨਿਰਭਉ ਹੋ ਕੇ ਸੀਸ ਸਾਹਿਬ ਜੀ ਕੁਰਬਾਨ ਕੀਤੇ। ਐਸੇ ਸਤਿਗੁਰੂ ਸਾਹਿਬ ਜੀ ਦਾ ਨਾਮ ਜਪਣ ਨਾਲ ਜੀਵ ਨਿਰਭਉ ਬ੍ਰਹਮ ਜੀ ਹੀ ਹੋ ਜਾਂਦਾ ਹੈ। ਧੰਨ ਗੁਰੂ ਤੇਗਬਹਾਦਰ ਸਾਹਿਬ ਜੀ, ਧੰਨ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਹਨ, ਧੰਨ ਗੁਰਬਾਣੀ, ਧੰਨ ਕੁਰਬਾਨੀ।

ਜਤਨ ਬਹੁਤੁ ਮੈ ਕਰਿ ਰਹਿਓ; ਮਿਟਿਓ ਨ. ਮਨ ਕੋ ਮਾਨੁ॥

(ਮੈ) ਦਾਸਨਦਾਸ (ਬਹੁਤੁ) ਅਨੇਕ ਜਤਨ ਕਰਿ (ਰਹਿਓ) ਰਿਹਾ, ਪਰ ਗਰਬੁ ਗੁਮਾਨੁ; ਨ ਮਨ ਤੇ ਹੁਟੈ॥ ਅਨੁਸਾਰ ਮਨ (ਕੋ) ਦਾ (ਮਾਨੁ) ਹੰਕਾਰ (ਨ) ਨਹੀਂ (ਮਿਟਿਓ) ਮਿਟਿਆ।

ਦੁਰਮਤਿ ਸਿਉ. ਨਾਨਕ ਫਧਿਓ; ਰਾਖਿ ਲੇਹੁ ਭਗਵਾਨਿ॥੩੪॥

ਆਪ ਭਗਵਾਨ ਸਰੂਪ ਹੁੰਦਿਆਂ, ਬਿਅੰਤ ਬ੍ਰਹਮੰਡਾਂ ਦੇ ਜੀਆਂ ਦੀ ਦੁਰਮਤਿ ਮੇਟ ਕੇ ਵਿਆਪਕ ਬ੍ਰਹਮ ਜੀ ਦਾ ਪ੍ਰਕਾਸ਼ ਕਰਨ ਲਈ, ਸ੍ਰਬ ਵਿਆਪੀ ਮਹਾਂ ਵਿਸਮਾਦ ਗ੍ਰੀਬੀ ਨਾਲ (ਨਾਨਕ) ਧੰਨ ਗੁਰੂ ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- ਦਾਸਨਦਾਸ (ਦੁਰਮਤਿ) ਖੋਟੀ ਮਤਿ (ਸਿਉ) ਨਾਲ (ਫਧਿਓ) ਫਸਿਆ ਹੈ। ਹੇ ਦੀਨ ਦਇਆਲ ਗੁਰੂ ਭਗਵਾਨਿ ਜੀ! ਦਾਸਨਦਾਸ ਨੂੰ ਰਾਖਿ (ਲੇਹੁ) ਲਵੋ ਜੀ। ਯਥਾ:- ਗੁਰੁ ਦਰੀਆਉ ਸਦਾ ਜਲੁ ਨਿਰਮਲੁ; ਮਿਲਿਆ. ਦੁਰਮਤਿ ਮੈਲੁ ਹਰੈ॥

ਬਾਲ ਜੁਆਨੀ ਅਰੁ ਬਿਰਧ ਫੁਨਿ; ਤੀਨਿ ਅਵਸਥਾ ਜਾਨਿ॥

(ਬਾਲ) ਬਾਲਕ, ਜੁਆਨੀ (ਅਰੁ) ਅਤੇ (ਫੁਨਿ) ਫੇਰ (ਬਿਰਧਿ) ਬੁਢੇਪਾ, ਇਹ (ਤੀਨਿ) ਤਿੰਨ ਅਵਸਥਾ (ਜਾਨਿ) ਜਾਨਣਾ ਕਰੋ। ਯਥਾ:- ਪਹਿਲੈ ਪਹਰੈ ਰੈਣਿ ਕੈ. ਵਣਜਾਰਿਆ ਮਿਤ੍ਰਾ; ਬਾਲਕ ਬੁਧਿ ਅਚੇਤੁ॥) ਦੂਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਭਰਿ ਜੋਬਨਿ ਮੈ ਮਤਿ॥) ਤੀਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਸਰਿ ਹੰਸ ਉਲਥੜੇ ਆਇ॥

ਕਹੁ ਨਾਨਕ. ਹਰਿ ਭਜਨ ਬਿਨੁ; ਬਿਰਥਾ ਸਭ ਹੀ ਮਾਨ॥੩੫॥

ਸੱਚੇ ਕੰਤ ਸੱਚੇ ਭਗਵੰਤ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ, ਵਾਹਿਗੁਰੂ ਜੀ ਦੇ ਸਿਮਰਨ ਦੀ ਮਹਾਨ ਮਹਾਨਤਾ (ਕਹੁ) ਫੁਰਮੌਂਦੇ ਹਨ:- (ਹਰਿ) ਅਕਾਲਪੁਰਖੁ ਵਾਹਿਗੁਰੂ ਜੀ ਦੇ ਭਜਨ (ਬਿਨੁ)

ਬਿਨਾ (ਸਭ) ਸਾਰਾ ਜੀਵਨ (ਬਿਰਥਾ) ਵਿਅਰਥ ਹੀ (ਮਾਨ) ਮੰਨਣਾ ਕਰੋ। ਯਥਾ:- ਗੋਬਿਦ ਭਜਨ ਬਿਨੁ; ਬ੍ਰਿਥੇ ਸਭ ਕਾਮ॥ ਜਿਉ ਕਿਰਪਨ ਕੇ; ਨਿਰਾਰਥ ਦਾਮ॥

ਕਰਣੋ ਹੁਤੋ. ਸੁ ਨਾ ਕੀਓ; ਪਰਿਓ ਲੋਭ ਕੈ ਫੰਧ॥

ਆਇਓ; ਸੁਨਨ ਪੜਨ ਕਉ ਬਾਣੀ॥ ਅਨੁਸਾਰ ਜੋ ਪਰਮਪੂਜਨੀਕ ਪਰਮਪਵਿੱਤ੍ਰ ਸ੍ਰੀ ਗੁਰਬਾਣੀ ਜੀ ਸੁਨਣੇ ਪੜ੍ਹਣੇ, ਸੱਚਾ ਨਾਮ ਜਪਣਾ ਜਪੌਣਾ ਤੇ ਪਰਉਪਕਾਰ ਦਾ ਕਰਮ (ਕਰਣੋ) ਕਰਣਾ (ਹੁਤੋ) ਸੀ, (ਸੁ) ਉਹ (ਨਾ) ਨਹੀਂ (ਕੀਓ) ਕੀਤਾ। ਬਲਕਿ ਲੋਭ ਲਹਰਿ ਸਭੁ ਸੁਆਨੁ ਹਲਕੁ ਹੈ; ਹਲਕਿਓ ਸਭਹਿ ਬਿਗਾਰੇ॥ ਅਨੁਸਾਰ ਧਨ ਪਦਾਰਥ ਦੇ ਲੋਭ ਦੇ ਹਲ਼ਕ 'ਚ ਲੋਭ (ਕੈ) ਦੇ (ਫੰਧ) ਫਾਹੇ 'ਚ (ਪਰਿਓ) ਪੈ ਗਿਆ ਭਾਵ ਫਸ ਗਿਆ। ਯਥਾ:- ਏ ਮਨਾ ਅਤਿ ਲੋਭੀਆ; ਨਿਤ ਲੋਭੇ ਰਾਤਾ॥

ਨਾਨਕ. ਸਮਿਓ ਰਮਿ ਗਇਓ; ਅਬ ਕਿਉ ਰੋਵਤ ਅੰਧ॥੩੬॥

(ਨਾਨਕ) ਗੁਰੁ ਪਰਮੇਸਰੁ ਗੁਰੁ ਗੋਬਿੰਦੁ॥ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- ਮਨਮੁਖ ਜਨਮੁ ਗਇਆ ਹੈ ਬਿਰਥਾ; ਅੰਤਿ ਗਇਆ ਪਛੁਤਾਵਣਿਆ॥੬॥ ਅਨੁਸਾਰ ਲੋਭ ਮਗਰ ਲੱਗ ਕੇ ਸਾਰਾ (ਸਮਿਓ) ਸਮਾਂ (ਰਮਿ) ਲੰਘ (ਗਇਓ) ਗਿਆ। ਹੇ (ਅੰਧ) ਅੰਨ੍ਹੇ ਮਨਮੁਖ! ਜੀਵਨ ਵਿੱਚ ਨਾਮ ਜੀ ਚੇਤੇ ਨਹੀਂ ਕੀਤੇ, (ਅਬ) ਹੁਣ ਕਿਉ (ਰੋਵਤ) ਰੋਂਦਾ ਹੈਂ? ਯਥਾ:- ਪ੍ਰਣਵਤਿ ਨਾਨਕੁ. ਨਾਗੀ ਦਾਝੈ; ਫਿਰਿ ਪਾਛੈ. ਪਛੁਤਾਈਤਾ॥੪॥੩॥੧੫॥) ਨਾਮੁ ਨ ਜਾਨਿਆ; ਰਾਮ ਕਾ॥ ਮੂੜੇ; ਫਿਰਿ ਪਾਛੈ ਪਛੁਤਾਹਿ ਰੇ॥੧॥ਰਹਾਉ॥) ਹੁਕਮੁ ਨ ਜਾਣੈ; ਬਹੁਤਾ ਰੋਵੈ॥

ਨਾਹਿ-ਨਿ- ਮਨੁ ਮਾਇਆ ਮੈ ਰਮਿ ਰਹਿਓ; ਨਿਕਸਤ ਨਾਹਿਨਿ. ਮੀਤ॥

ਸਤਿਗੁਰੂ ਤੇਗਬਹਾਦਰ ਸਾਹਿਬ ਜੀ ਮਹਾਂ ਵਿਸਮਾਦ ਗਰੀਬੀ ਦੀ ਹੱਦ ਜਣੌਂਦਿਆਂ ਸਨਮੁਖ ਅਰਦਾਸ ਪ੍ਰੇਮ ਬੇਨਤੀ ਕਰ ਰਹੇ ਹਨ:- ਹੇ ਹੀਏ ਕੋ ਪ੍ਰੀਤਮੁ; ਪਿਆਰੇ (ਮੀਤ) ਮਿੱਤ੍ਰ ਸਚੇ ਅਬਿਨਾਸੀ ਵਾਹਿਗੁਰੂ ਜੀ! ਦਾਸਨਦਾਸ ਦਾ ਮਨੁ ਮਾਇਆ (ਮੈ) ਵਿੱਚ (ਰਮਿ) ਮਿਲ (ਰਹਿਓ) ਰਿਹਾ ਹੈ, ਕਦੇ (ਨਿਕਸਤ) ਨਿਕਲਦਾ (ਨਾਹਿਨਿ) ਨਹੀਂ। ਯਥਾ:- ਮਾਇਆ ਜਾਲੁ ਪਸਾਰਿਆ; ਭੀਤਰਿ ਚੋਗ ਬਣਾਇ॥ ਤ੍ਰਿਸਨਾ ਪੰਖੀ ਫਾਸਿਆ; ਨਿਕਸੁ ਨ ਪਾਏ ਮਾਇ॥) ਮਨੁ ਮਾਇਆ ਬੰਧਿਓ; ਸਰ ਜਾਲਿ॥

ਨਾਨਕ. ਮੂਰਤਿ ਚਿਤ੍ਰ ਜਿਉ; ਛਾਡਿਤ ਨਾਹਿਨ ਭੀਤ॥੩੭॥

ਗੁਰੁ ਅਰਜੁਨੁ ਪਰਤਖੵ ਹਰਿ॥੭॥੧੯॥ ਜੀ ਦੇ ਪਿਆਰੇ ਗੁਰਮੁਖਿ ਸੱਚੇ ਸਤਿਗੁਰੂ ਪੋਤਰੇ, ਪਰਮਪੂਜਨੀਕ ਸੱਚੇ ਨਾਮ ਜੀ ਦੇ ਸੱਚੇ ਦਾਤੇ, ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ, ਧੰਨ ਧੰਨ ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਹੁਣ ਸੀਸ ਕੁਰਬਾਨ ਕਰ ਰਹੇ ਹਨ ਜੀ। ਸਤਿਗੁਰੂ ਤੇਗਬਹਾਦਰ ਸਾਹਿਬ ਜੀ ਸੱਚੇ ਪਾਰਬ੍ਰਹਮ ਸੱਚੇ ਭਗਵਾਨ। ਬਖ਼ਸ਼ ਰਹੇ ਨਾਮ ਦਾਨ, ਧਰੋ ਧਿਆਨ। ਤਿਲਕ ਜੰਞੂ ਦੀ ਰੱਖਿਆ, ਜ਼ੁਲਮ ਰਾਜ ਦੀਆਂ ਜੜ੍ਹਾਂ ਪੁੱਟਣ ਲਈ, ਸੀਸ ਕਰ ਰਹੇ ਕੁਰਬਾਨ। ਖਿਨ ਖਿਨ ਕਰੋ ਨਮਸਕਾਰ, ਆਪੇ ਬਖ਼ਸ਼ਦੇ ਅਪਣਾ ਪਿਆਰ। ਪੂਰਨ ਸਤਿਗੁਰੂ ਸਾਹਿਬ ਜੀ ਦਾ ਨਾਮ ਜਪੋ ਵਾਰ ਵਾਰ, ਕਦੇ ਨਾ ਆਵੇਗੀ ਹਾਰ, ਸਦਾ ਪਾਵੋਂਗੇ ਸੱਚਖੰਡ ਦਰਬਾਰ। ਸਤਿਗੁਰੂ ਤੇਗਬਹਾਦਰ ਸਾਹਿਬ ਜੀ ਹੁਣ ਸਾਰਿਆਂ ਨੂੰ ਸੁਆਸ ਬਖ਼ਸ਼ਦੇ ਹਨ। ਕ੍ਰੋੜਾਂ ਸੂਰਜ, ਧਰਤੀਆਂ, ਤਾਰੇ ਮੰਡਲ ਜਪ ਰਹੇ ਹਨ, ਧੰਨ ਪਰਮਪੂਜਨੀਕ ਸਤਿਗੁਰੂ ਤੇਗਬਹਾਦਰ ਸਾਹਿਬ ਜੀ। ਓਪਤਿ ਪਰਲਉ; ਖਿਨ ਮਹਿ ਕਰਤਾ॥ ਆਪਿ ਅਲੇਪਾ; ਨਿਰਗੁਨੁ ਰਹਤਾ॥੩॥ ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਜੀ। ਅਬਿਨਾਸੀ ਸੁਖ; ਆਪਨ ਆਸਨ॥ ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਜੀ। ਯਹ ਤੋ ਹੂਆ ਹੈ. ਕਿ ਕਾਤਲ. ਮਕਤੂਲ ਕੇ ਪਾਸ ਜਾਏ। ਪਰ ਯਹ ਨਹੀਂ ਹੂਆ. ਕਿ ਮਕਤੂਲ. ਕਾਤਲ ਪਾਸ ਜਾਏ। ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਜੀ। ਪਰਮਪੂਜਨੀਕ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਸਿੱਖ ਨੂੰ ਬਾਹੋਂ ਫੜ ਕੇ ਅਗਨਿ ਸਾਗਰ ਸੰਸਾਰ ਤੋਂ ਬਚੌਂਦੇ ਹਨ, ਚੌਰਾਸੀ ਲੱਖ ਦਾ ਗੇੜਾ ਮੇਟਦੇ ਹਨ ਜੀ। ਪਰਮਪੂਜਨੀਕ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ ਫ਼ੁਰਮੌਂਦੇ ਹਨ:- (ਜਿਉ) ਜਿਵੇਂ (ਭੀਤ) ਕੰਧ 'ਤੇ (ਮੂਰਤਿ) ਤਸਵੀਰ (ਚਿਤ੍ਰ) ਬਣਾਈ ਹੋਵੇ, ਜੋ ਕੰਧ ਨੂੰ (ਨਾਹਿਨ) ਨਹੀਂ (ਛਾਡਿਤ) ਛੱਡਦੀ, ਤਿਵੇਂ ਦਾਸਨਦਾਸ ਦਾ ਮਨ ਮਾਇਆ ਦੇ ਜਾਲ਼ ਵਿੱਚ ਫਸਿਆ ਹੈ, ਮਾਇਆ ਨੂੰ ਨਹੀਂ ਛੱਡਦਾ। ਅਪਣੀ ਮਹਾਂ ਵਿਸਮਾਦ ਸੱਚੀ ਸ੍ਰਬ ਵਿਆਪੀ ਕ੍ਰਿਪਾ ਕਰਕੇ, ਦਾਸਨਦਾਸ ਨੂੰ ਬਾਂਹੋ ਫੜ ਕੇ, ਮਾਇਆ ਦੇ ਜਾਲ ਵਿੱਚੋਂ ਕੱਢ ਲਵੋ ਜੀ ਰਾਮ। ਯਥਾ:- ਮਹਾਂ ਮੂੜ ਹਉਂ ਦਾਸ ਦਾਸਨ ਤਿਹਾਰਾ॥ ਪਕੜ ਬਾਂਹ ਭਉਜਲ ਕਰਹੁ ਬੇਗ ਪਾਰਾ॥

ਸ਼ੁਭ ਸਿੱਖਿਆ:- ਮਨ, ਨਾਗਨੀ ਮਾਇਆ ਦੇ ਜਾਲ 'ਚੋਂ ਕੇਵਲ ਪੂਰਨ ਸਤਿਗੁਰੂ ਸਾਹਿਬ ਜੀ ਦੇ ਸ਼ਰਨ ਪੈਣ, ਸਤਿਗੁਰੂ ਸਾਹਿਬ ਜੀ ਨੂੰ ਬਾਂਹ ਫੜੌਣ, ਗੁਰਬਾਣੀ ਗੁਰਸਬਦ ਗੌਣ, ਸੱਚ ਕਮੌਣ, ਸੱਚ ਵਿੱਚ ਨਾਉਣ, ਸੱਚ ਧਿਔਣ, ਰਿਦੇ 'ਚੋਂ ਅੰਮ੍ਰਿਤ ਪੀਣ ਤੇ ਪਿਲੌਣ, ਗੁਰਸਬਦ ਅਰਥ ਵੀਚਾਰਨ, ਗੁਰਬਾਣੀ

ਸ੍ਰਵਣ ਮੰਨਣ ਕਮੌਣ, ਗੁਰੂ ਸਾਹਿਬ ਜੀ ਦੇ ਬਾਂਹ ਫੜ ਕੇ ਕੱਢਣ ਨਾਲ ਹੀ ਨਿਕਲ ਸਕਦਾ ਹੈ। ਯਥਾ:- ਏਹੁ ਮਨੁ ਮਾਇਆ ਮੋਹਿਆ ਅਉਧੂ; ਨਿਕਸੈ ਸਬਦਿ ਵੀਚਾਰੀ॥੨੪॥

ਨਰ ਚਾਹਤ ਕਛੁ ਅਉਰ; ਅਉਰੈ ਕੀ ਅਉਰੈ ਭਈ॥

(ਨਰ) ਮਨੁੱਖ (ਚਾਹਤ) ਚਾਹੁੰਦਾ ਤਾਂ (ਕਛੁ) ਕੁਝ (ਅਉਰ) ਹੋਰ ਹੈ, ਪਰ (ਅਉਰੈ) ਹੋਰ (ਕੀ) ਦੀ (ਅਉਰੈ) ਹੋਰ ਹੀ (ਭਈ) ਹੋ ਜਾਂਦੀ ਹੈ। ਯਥਾ:- ਕੋਟਿ ਉਪਾਵ; ਚਿਤਵਤ ਹੈ ਪ੍ਰਾਣੀ॥ ਸੋ ਹੋਵੈ; ਜਿ ਕਰੈ ਚੋਜ ਵਿਡਾਣੀ॥੧॥) ਕਬੀਰ. ਬਿਕਾਰਹ ਚਿਤਵਤੇ; ਝੂਠੇ ਕਰਤੇ ਆਸ॥ ਮਨੋਰਥੁ ਕੋਇ. ਨ ਪੂਰਿਓ; ਚਾਲੇ ਊਠਿ ਨਿਰਾਸ॥੨੦੫॥) ਅਨਿਕ ਉਪਾਵ ਚਿਤਵੀਅਹਿ ਬਹੁਤੇਰੇ; ਸਾ ਹੋਵੈ ਜਿ ਬਾਤ ਹੋਵੈਨੀ॥ ਜਿਵੇਂ ਪਾਪੀ ਨੌਰੰਗੇ ਨੇ ਚਾਹਿਆ ਕਿ ਪੂਰਨ ਗੁਰੂ ਧੀਰਜਧਾਰੀ ਨਿਰਬਿਕਾਰੀ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਇਸਲਾਮ ਦੀਨ ਕਬੂਲ ਕਰ ਲੈਣ ਅਤੇ ਦੇਸ਼ ’ਚ ਧਰਮਾਂ ਦੀ ਗਿਣਤੀ ਦੋ ਤੋਂ ਇੱਕ ਹੋ ਜਾਵੇ ਭਾਵ ਸਭ ਮੁਸਲਮਾਣ ਬਣ ਜਾਣ। ਪਰ ਆਪ ਨਿਰੰਕਾਰੀ ਸਤਿਗੁਰੂ ਸਾਹਿਬ ਜੀ ਦਾ ਸ਼ੁਭ ਸੱਚਾ ਆਸ਼ਾ ਸੀ ਕਿ ਦੋ ਤੋਂ ਤਿੰਨ ਕਰਨ ਦਾ, ਭਾਵ ਪਰਪਪੂਜਨੀਕ ਸੱਚੇ ਨਿਰਮਲ ਖ਼ਾਲਸਾ ਪੰਥ ਜੀ ਪਰਗਟ ਹੋਣ, ਤੇ ਐਸਾ ਹੀ ਹੋਇਆ।

ਚਿਤਵਤ ਰਹਿਓ ਠਗਉਰ; ਨਾਨਕ. ਫਾਸੀ ਗਲਿ ਪਰੀ॥੩੮॥

ਰਾਜਾਨ ਰਾਜ॥ ਭਾਨਾਨ ਭਾਨ॥ ਦੇਵਾਨ ਦੇਵ॥ ਉਪਮਾ ਮਹਾਨ॥੯੯॥ ਸਰੂਪ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- ਸਿਮਰਨ ਹੀਣ ਮਨਮੁਖ ਦਿਨ ਰਾਤ (ਠਗਉਰ) ਠੱਗੀ (ਚਿਤਵਤ) ਚਿਤਵਦਾ (ਰਹਿਓ) ਰਹਿਆ, ਤੇ ਗਲਿ ’ਚ ਜਮਾਂ, ਰੋਗਾਂ, ਔਗੁਣਾਂ ਦੀ (ਫਾਸੀ) ਫ਼ਾਹੀ (ਪਰੀ) ਪੈ ਗਈ ਹੈ।

ਸਾਖੀ ਬਾਬੇ ਉਦੇ ਸਿੰਘ ਸਾਹਿਬ ਜੀ ਨੇ ਹੰਕਾਰੀ ਕੇਸਰੀ ਚੰਦ ਦੀ ਫ਼ੌਜ ’ਚ ਜਾ ਕੇ, ਉਸ ਦਾ ਹੰਕਾਰੀ ਸਿਰ ਵੱਢ ਕੇ ਲਿਔਣਾ:- ਜਿਵੇਂ ਬਾਬੇ ਉਦੇ ਸਿੰਘ ਸਾਹਿਬ ਜੀ ਨੇ ਦਸਵੇਂ ਪਾਤਿਸਾਹ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੋਲ਼ ਆ ਕੇ ਜੈਕਾਰਾ ਗੱਜਾ ਕੇ ਗੁਰ ਫ਼ਤੇਹ ਬੋਲਾਈ। ਹੰਕਾਰੀ ਕੇਸਰੀ ਚੰਦ ਦਾ ਸਿਰ ਗੁਰੂ ਪ੍ਰਮੇਸਰ ਜੀ ਦੇ ਸਾਹਮਣੇ ਸੁੱਟ ਦਿਤਾ। ਗੁਰੂ ਪ੍ਰਮੇਸਰ ਜੀ ਭਾਰੀ ਬੀਰ-ਰਸ ਸਹਿਤ ਪਲੰਘ ਤੋਂ ਉੱਠੇ, ਸਿਰ ਨੂੰ ਠੇਡੇ ਮਾਰੇ ਤੇ ਫ਼ੁਰਮਾਇਆ, “ਨਰ ਚਾਹਤ ਕਛੁ ਅਉਰ; ਅਉਰੈ ਕੀ ਅਉਰੈ ਭਈ॥ ਚਿਤਵਤ

ਰਹਿਓ ਠਗਉਰ; ਨਾਨਕ. ਫਾਸੀ ਗਲਿ ਪਰੀ॥੩੮॥) ਹਰਿ ਜੀਉ. ਅਹੰਕਾਰੁ, ਨ ਭਾਵਈ; ਵੇਦ ਕੂਕਿ ਸੁਣਾਵਹਿ॥) (ਨੱਕਿ, ਨੱਥਾਂ) ਜੋ ਅਸਮਾਨਿ. ਨ ਮਾਵਨੀ; ਤਿਨ ਨਕਿ ਨਥਾ ਪਾਇ॥) ਬਡੇ ਬਡੇ ਅਹੰਕਾਰੀਆ; ਨਾਨਕ. ਗਰਬਿ ਗਲੇ॥ ਅਨੁਸਾਰ ਹੇ ਪਿਆਰੇ ਗੁਰੂ ਖ਼ਾਲਸਾ ਜੀ! ਇਹ ਅਤਿ ਹੰਕਾਰੀ ਸੀ। ਹੰਕਾਰੀ ਨੂੰ ਮਾਰ ਕੇ ਅੱਜ ਆਪ ਜੀ ਨੇ ਖ਼ਾਲਸਾ ਆਦਰਸ਼ ਪ੍ਰਗਟ ਕਰ ਦਿਖਲਾਇਆ ਹੈ। ਪਿਆਰੇ ਖ਼ਾਲਸੇ ਜੀ ਦੀ ਅਮਰ ਕਹਾਣੀ ਜੁੱਗੋ ਜੁੱਗ ਅਟੱਲ ਰਹੇਗੀ।" ਇਉਂ ਹੰਕਾਰੀ ਪਾਪੀ ਚਾਹੁੰਦਾ ਕੁੱਝ ਹੋਰ ਸੀ, ਕਿ ਲੋਹ ਗੜ੍ਹ ਕਿਲੇ੍ਹ ਨੂੰ ਢਾਹ ਕੇ ਸਤਿਗੁਰੂ ਦਸਵੇਂ ਪਾਤਿਸਾਹ ਨੂੰ ਸ਼ਹੀਦ ਜਾਂ ਗ੍ਰਿਫ਼ਤਾਰ ਕਰਾਂ, ਪਰ ਮੌਤ ਦੀ ਫਾਸੀ ਗਲ਼ 'ਚ ਪੈ ਗਈ। ਯਥਾ:- ਨੰਗਾ. ਦੋਜਕਿ ਚਾਲਿਆ; ਤਾ. ਦਿਸੈ ਖਰਾ ਡਰਾਵਣਾ॥ ਕਰਿ ਅਉਗਣ; ਪਛੋਤਾਵਣਾ॥੧੪॥) ਨਾਨਕ. ਅਉਗੁਣ ਜੇਤੜੇ; ਤੇਤੇ ਗਲੀ ਜੰਜੀਰ॥ ਜੇ ਗੁਣ ਹੋਨਿ. ਤ ਕਟੀਅਨਿ; ਸੇ ਭਾਈ ਸੇ ਵੀਰ॥ ਅਗੈ ਗਏ. ਨ ਮੰਨੀਅਨਿ; ਮਾਰਿ ਕਢਹੁ. ਵੇਪੀਰ॥੪॥੧॥

ਜਤਨ ਬਹੁਤ ਸੁਖ ਕੇ ਕੀਏ; ਦੁਖ ਕੋ ਕੀਓ. ਨ ਕੋਇ॥

ਪਹਿਲਾ ਅਰਥ:- ਜੀਵ ਨੇ ਸੁਖ (ਕੇ) ਦੇ ਪ੍ਰਾਪਤੀ ਲਈ (ਬਹੁਤ) ਅਨੇਕ ਜਤਨ (ਕੀਏ) ਕੀਤੇ ਪਰ ਦੁਖ (ਕੋ) ਦਾ (ਕੋਇ) ਕੋਈ ਭੀ ਉੱਦਮ (ਨ) ਨਹੀਂ (ਕੀਓ) ਕੀਤਾ, ਭਾਵ ਕੋਈ ਨਹੀਂ ਚਾਹੁੰਦਾ ਉਸ ਨੂੰ ਕਿਸੇ ਪ੍ਰਕਾਰ ਦਾ ਦੁਖ ਹੋਵੇ। ਯਥਾ:- ਸੁਖ ਕਉ ਮਾਗੈ ਸਭੁ ਕੋ; ਦੁਖੁ. ਨ ਮਾਗੈ ਕੋਇ॥

ਦੂਜਾ ਅਰਥ:- ਮਨਮੁਖ ਨੇ ਸੁਖ (ਕੇ) ਦੇ ਪ੍ਰਾਪਤੀ ਲਈ (ਬਹੁਤ) ਅਨੇਕ ਜਤਨ (ਕੀਏ) ਕੀਤੇ ਪਰ ਦੁਖੁ ਵੇਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਅਨੁਸਾਰ ਪਤੀ ਪਰਮਾਤਮਾ ਜੀ ਦੇ ਵਿਛੋੜੇ, ਜਮਾਂ ਦਾ ਡੰਡ ਆਦਿ (ਦੁਖ) ਦੁੱਖਾਂ (ਕੋ) ਨੂੰ ਦੂਰ ਕਰਨ ਦਾ (ਕੋਇ) ਕੋਈ ਭੀ ਜਤਨ (ਨ) ਨਹੀਂ (ਕੀਓ) ਕੀਤਾ।

ਕਹੁ ਨਾਨਕ. ਸੁਨਿ ਰੇ ਮਨਾ; ਹਰਿ ਭਾਵੈ ਸੋ ਹੋਇ॥੩੯॥

ਪਾਰਬ੍ਰਹਮ ਗੁਰਦੇਵ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- (ਰੇ) ਹੇ ਮਨਾ (ਸੁਨਿ) ਸੁਣਿਆ ਕਰ! ਜੋ (ਹਰਿ) ਸੱਚੇ ਕੰਤ ਸੱਚੇ ਭਗਵੰਤ, ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਨੂੰ ਭਾਵੈ, (ਸੋ) ਉਹ ਹੀ (ਹੋਇ) ਹੁੰਦਾ ਹੈ। ਯਥਾ:- ਸਭਨੀ ਛਾਲਾ ਮਾਰੀਆ; ਕਰਤਾ ਕਰੇ ਸੁ ਹੋਇ॥)

ਆਪੇ ਕਰਿ ਵੇਖੈ. ਮਾਰਗਿ ਲਾਏ ਭਾਈ; ਤਿਸੁ ਬਿਨੁ. ਅਵਰੁ ਨ ਕੋਈ॥ ਜੋ ਧੁਰਿ ਲਿਖਿਆ, ਸੁ. ਕੋਇ ਨ ਮੇਟੈ ਭਾਈ; ਕਰਤਾ ਕਰੇ. ਸੁ ਹੋਈ॥

ਨਿਰੰਤਰ ਸੁਖ ਦੀ ਪ੍ਰਾਪਤੀ:- ਗੁਰ ਕੈ ਭਾਣੈ ਜੋ ਚਲੈ; ਦੁਖੁ. ਨ ਪਾਵੈ ਕੋਇ॥੩॥ ਅਨੁਸਾਰ ਦਸ ਸਤਿਗੁਰੂ ਸਾਹਿਬਾਨ ਜੀ, ਪਰਮਪੂਜਨੀਕ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਨੂੰ ਜੋ ਭਾਵੈ ਉਸ ਅਨੁਸਾਰ ਹੀ ਚੱਲਣਾ ਚਾਹੀਦਾ ਹੈ। ਸਤਿਗੁਰੂ ਸਾਹਿਬ ਜੀ ਦੇ ਸ਼ਰਨ ਆਵੇ, ਨਾਮ ਜਪੇ, ਸੱਚ ਦੀ ਕਮਾਈ ਕਰੇ, ਉਪਦੇਸ਼ ਮੰਨੇ, ਗੁਰਮੁਖਿ ਬਣੇ, ਤਾਂ ਨਿਰੰਤਰ ਸੁਖ ਪ੍ਰਾਪਤ ਹੁੰਦਾ ਹੈ ਜੀ। ਯਥਾ:- ਜੇ ਆਤਮ ਕਉ ਸੁਖੁ. ਸੁਖੁ ਨਿਤ ਲੋੜਹੁ; ਤਾਂ ਸਤਿਗੁਰ ਸਰਨਿ ਪਵੀਜੈ॥੫॥) ਜਿਸੁ ਸਰਬ ਸੁਖਾ ਫਲ ਲੋੜੀਅਹਿ; ਸੋ ਸਚੁ ਕਮਾਵਉ॥) ਮੇਰੇ ਮਨ; ਗੁਰਸਬਦੀ ਸੁਖੁ ਹੋਇ॥) ਗੁਰਮੁਖਿ ਸੁਖੀਆ; ਮਨਮੁਖਿ ਦੁਖੀਆ॥) ਬਿਨੁ ਹਰਿ ਸਿਮਰਨ; ਸੁਖੁ ਨਹੀ ਪਾਇਆ॥

ਜੱਗਤੁ- ਜਗਤੁ ਭਿਖਾਰੀ ਫਿਰਤੁ ਹੈ; ਸਭ ਕੋ ਦਾਤਾ ਰਾਮੁ॥

ਸਾਰਾ ਜਗਤੁ (ਭਿਖਾਰੀ) ਮੰਗਤਾ ਬਣ ਕੇ (ਫਿਰਤੁ) ਫਿਰ ਰਿਹਾ ਹੈ।ਤੂ ਵਡ ਦਾਤਾ ਅੰਤਰਜਾਮੀ॥ ਸਭ ਮਹਿ ਰਵਿਆ ਪੂਰਨ ਪ੍ਰਭ ਸੁਆਮੀ॥੧॥ ਅਨੁਸਾਰ (ਸਭ) ਸਾਰਿਆਂ (ਕੋ) ਨੂੰ ਦਾਤਾ ਦੇਣ ਵਾਲੇ (ਰਾਮੁ) ਰਮੇ ਹੋਏ ਸੁੰਦਰ ਵਿਆਪਕ ਵਾਹਿਗੁਰੂ ਜੀ, ਪਰਮਪੂਜਨੀਕ ਸੱਚੇ ਦਸ ਸਤਿਗੁਰੂ ਸਾਹਿਬਾਨ ਜੀ (ਦਾਤਾ) ਦਾਤੇ ਹਨ। ਯਥਾ:- ਦਰੀਆਉ ਤੂ, ਦਿਹੰਦ ਤੂ; ਬਿਸੀਆਰ ਤੂ ਧਨੀ॥) ਤੂੰ ਦਾਤਾ ਪ੍ਰਭ ਦੇਵਣਹਾਰੁ॥੩॥) ਸਰਬ ਜਾਚਿਕ. ਏਕੁ ਦਾਤਾ; ਕਰੁਣਾਮੈ ਜਗਦੀਸਰਾ॥) ਹਰਿ ਦਾਤਾ. ਜੀਅ ਜੰਤ ਭੇਖਾਰੀ; ਜਨੁ ਬਾਂਛੈ. ਜਾਚੰਗਨਾ॥੧॥) ਤੁਮ ਬਡ ਦਾਤੇ. ਦੇ ਰਹੇ॥ ਗੁਰਬਾਣੀ, ਭਾਉ ਭਗਤੀ, ਪ੍ਰੇਮ, ਖ਼ਿਮਾ, ਧੀਰਜ, ਨਿੰਮ੍ਰਤਾ, ਸ਼ਹਣਸ਼ੀਲਤਾ ਆਦਿ ਸ਼ੁਭ ਗੁਣ ਬਖ਼ਸ਼ਣ ਵਾਲੇ ਦਾਤੇ ਹਨ। ਯਥਾ:- ਸਤਿਗੁਰੁ ਦਾਤਾ. ਸਭਨਾ ਵਥੂ ਕਾ; ਪੂਰੈ ਭਾਗਿ ਮਿਲਾਵਣਿਆ॥੨॥) ਸਤਿਗੁਰੁ ਦਾਤਾ. ਰਾਮ ਨਾਮ ਕਾ; ਹੋਰੁ ਦਾਤਾ ਕੋਈ ਨਾਹੀ॥ ਜੀਅ ਦਾਨੁ ਦੇਇ ਤ੍ਰਿਪਤਾਸੇ; ਸਚੈ ਨਾਮਿ ਸਮਾਹੀ॥) ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥) ਗੁਰੁ ਦਾਤਾ. ਗੁਰੁ ਹਿਵੈ ਘਰੁ; ਗੁਰੁ ਦੀਪਕੁ. ਤਿਹ ਲੋਇ॥

ਕਹੁ ਨਾਨਕ. ਮਨ ਸਿਮਰੁ ਤਿਹ; ਪੂਰਨ ਹੋਵਹਿ ਕਾਮ॥੪੦॥

ਪਾਰਬ੍ਰਹਮ ਕੇ ਗੁਰ ਅਵਤਾਰ ਸਤਿਗੁਰੂ (ਨਾਨਕ) ਗ੍ਰੰਥ ਸਾਹਿਬ ਜੀ (ਕਹੁ) ਫੁਰਮੌਂਦੇ ਹਨ:-

ਹੇ ਮਨ! (ਤਿਹ) ਤਿਨ੍ਹਾਂ ਉਦਾਰ ਚਿਤ ਦਾਤੇ ਵਾਹਿਗੁਰੂ ਸਤਿਗੁਰੂ ਸਾਹਿਬਾਨ ਜੀ ਨੂੰ ਰੋਮ ਰੋਮ ਦੇ ਪਿਆਰ ਨਾਲ (ਸਿਮਰੁ) ਸਿਮਰਨਾ ਕਰ। ਜਿਸ ਕਰਕੇ ਤੇਰੇ ਸਾਰੇ ਪ੍ਰਮਾਰਥਕ ਅਤੇ ਵਿਵਹਾਰਕ (ਕਾਮ) ਕੰਮ ਪੂਰਨ (ਹੋਵਹਿ) ਹੋਣਗੇ। ਯਥਾ:- ਪ੍ਰਭ ਕੈ ਸਿਮਰਨਿ; ਕਾਰਜ ਪੂਰੇ॥ ਪ੍ਰਭ ਕੈ ਸਿਮਰਨਿ; ਕਬਹੁ. ਨ ਝੂਰੇ॥) ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ; ਜਿਨ ਹਰਿ ਕਾ ਨਾਮੁ ਪਿਆਰਾ॥ ਗੁਰਪਰਸਾਦਿ ਸਦਾ ਮਨਿ ਵਸਿਆ; ਸਭਿ ਕਾਜ ਸਵਾਰਣਹਾਰਾ॥) ਕਾਜ ਹਮਾਰੇ ਪੂਰੇ; ਸਤਗੁਰ॥ ਬਾਜੇ ਅਨਹਦ ਤੂਰੇ; ਸਤਗੁਰ॥੧॥ਰਹਾਉ॥) ਥਿਰੁ ਘਰਿ ਬੈਸਹੁ; ਹਰਿ ਜਨ ਪਿਆਰੇ॥ ਸਤਿਗੁਰਿ ਤੁਮਰੇ; ਕਾਜ ਸਵਾਰੇ॥੧॥ਰਹਾਉ॥) ਸਭੇ ਕਾਜ ਸੁਹੇਲੜੇ ਥੀਏ; ਗੁਰੁ ਨਾਨਕੁ ਸਤਿਗੁਰੁ ਤੁਠਾ॥੧॥) ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ; ਤਾ ਕੇ ਕਾਰਜ ਪੂਰਾ॥੭॥ ਜਿਵੇਂ ਆਪ ਸ਼ਹੀਦਾਂ ਦੇ ਸਿਰਤਾਜ, ਦੋਹਿਤਾ ਬਾਣੀ ਕਾ ਬੋਹਿਥਾ। ਸੱਚੇ ਸਤਿਗੁਰੂ ਅਰਜਨਦੇਵ ਸਾਹਿਬ ਜੀ ਸਭੇ ਕਾਜ ਸਵਾਰਿਐ; ਜਾ ਤੁਧੁ ਭਾਵੰਦਾ॥੭॥ ਅਨੁਸਾਰ ਕਹਿੰਦੇ ਹਨ ਕਿ ਜਦੋਂ ਦਾਸਨਦਾਸ ਆਪ ਪਰਮੇਸ਼ਰ ਜੀ ਨੂੰ ਭਾ ਗਿਆ, ਤਾਂ ਸੱਚੇ ਕੰਤ ਭਗਵੰਤ ਵਾਹਿਗੁਰੂ ਜੀ ਨੇ ਦਾਸਨਦਾਸ ਦੇ ਪ੍ਰਮਾਰਥਕ ਵਿਵਹਾਰਕ ਸਾਰੇ ਕਾਜ ਸਵਾਰ ਦਿਤੇ। ਜਿਵੇਂ ਸਰੋਵਰ ਰਚਣੇ, ਗੁਰੂ ਕੇ ਲੰਗਰ ਚਲੌਂਣੇ, ਹਰੀ ਰੂਪ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਸਤਿਗੁਰੂ ਗ੍ਰੰਥ ਸਾਹਿਬ ਜੀ ਰਚਣੇ, ਸਦਾ ਲਈ ਅਪਣੇ ਪਿਆਰੇ ਸੇਵਕਾਂ ਦੀ ਕਲਿਆਣ ਕਰਨੀ।

ਪ੍ਰਮਾਰਥਕ ਅਤੇ ਵਿਵਹਾਰਕ ਕਾਰਜਾਂ ਬਾਰੇ ਵੀਚਾਰ:- ਵਾਹਿਗੁਰੂ ਦੀ ਪ੍ਰਾਪਤੀ ਹੋ ਜਾਣੀ, ਪ੍ਰਮਾਰਥਕ ਕਾਰਜ ਹੈ। ਸੰਸਾਰੀ ਵਿਵਹਾਰ 'ਚ ਕਾਮਯਾਬੀ ਹੋਣੀ, ਵਿਵਹਾਰਕ ਕਾਰਜ ਹੈ। ਜਿਨ੍ਹਾਂ ਗੁਰਮੁਖਿ ਪਿਆਰਿਆਂ ਪਾਸ ਪ੍ਰਮਾਰਥ ਹੋਵੇ, ਉਨ੍ਹਾਂ ਨੂੰ ਵਿਵਹਾਰ 'ਚ ਕਾਮਯਾਬੀ ਬਹੁਤ ਹੀ ਸੌਖੀ ਹੁੰਦੀ ਹੈ, ਕਿਉਂ ਜੋ ਉਹ ਨਸ਼ਿਆਂ ਬਦਚਲਣੀ ਕਤਲਾਂ ਕੁਕਰਮਾਂ 'ਚ ਮਾਇਆ ਬਰਬਾਦ ਨਹੀਂ ਕਰਦੇ। ਇਸ ਲਈ ਪਹਿਲਾ ਗੁਰਬਾਣੀ ਦੀ ਸ਼ੁੱਧ ਸੰਥਿਆ ਕਰਕੇ, ਅਰਥ ਵੀਚਾਰ ਕੇ, ਪ੍ਰਮਾਰਥ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ ਜੀ ਰਾਮ ਜੀ।

ਝੂਠੈ ਮਾਨੁ. ਕਹਾ ਕਰੈ; ਜਗੁ ਸੁਪਨੇ ਜਿਉ ਜਾਨੁ॥

ਹੇ ਮਨਮੁਖ! (ਝੂਠੈ) ਝੂਠਾ (ਮਾਨੁ) ਹੰਕਾਰ (ਕਹਾ) ਕਿਸ ਲਈ (ਕਰੈ) ਕਰਦਾ ਹੈਂ? ਇਹ ਜਗੁ ਸੁਪਨੇ (ਜਿਉ) ਵਾਂਗ (ਜਾਨੁ) ਜਾਣਣਾ ਕਰ। ਯਥਾ:- ਗੁਰਮਤਿ ਹੋਇ ਵੀਚਾਰੀਐ; ਸੁਪਨਾ ਇਹੁ ਜਗੁ ਲੋਇ॥੭॥) ਸਗਲ ਜਗਤੁ ਹੈ ਜੈਸੇ ਸੁਪਨਾ; ਬਿਨਸਤ. ਲਗਤ ਨ ਬਾਰ॥੧॥ਰਹਾਉ॥) ਭਭਾ; ਭਰਮੁ

ਮਿਟਾਵਹੁ ਅਪਨਾ॥ ਇਆ ਸੰਸਾਰੁ; ਸਗਲ ਹੈ ਸੁਪਨਾ॥ ਸੱਚੇ ਕੰਤ ਸੱਚੇ ਭਗਵੰਤ ਸਤਿਗੁਰੂ ਸਾਹਿਬ ਜੀ ਦਾ ਸੱਚਾ ਹੁਕਮ ਹੈ ਕਿ ਹਉਮੈ ਦਾ ਤਿਆਗ ਕਰੋ, ਤੇ ਤਿਆਗਣ ਦਾ ਮਾਨ ਭੀ ਤਿਆਗ ਕਰਕੇ ਦਿਨ ਰਾਤ ਸੇਵਾ, ਪ੍ਰੇਮਾ ਭਗਤੀ ਕਰਨੀ ਹੈ ਜੀ। ਯਥਾ:- ਮਾਣੁ ਤਾਣੁ ਤਜਿ ਮੋਹੁ ਅੰਧੇਰਾ॥) ਮਨ ਰੇ; ਹਉਮੈ ਛੋਡਿ ਗੁਮਾਨੁ॥) ਮਨ ਤੂੰ. ਮਤ ਮਾਣੁ ਕਰਹਿ, ਜਿ ਹਉ ਕਿਛੁ ਜਾਣਦਾ; ਗੁਰਮੁਖਿ ਨਿਮਾਣਾ ਹੋਹੁ॥) ਛੋਡਿ ਮਾਨੁ; ਹਰਿ ਚਰਨ ਗਹੀਜੈ॥੩॥) ਤਿਆਗਿ ਮਾਨੁ; ਝੂਠੁ ਅਭਿਮਾਨੁ॥) ਮਾਨੁ ਛੋਡਿ; ਗੁਰ ਚਰਣੀ ਲਾਗੁ॥੪॥੮॥

ਇਨ ਮੈ ਕਛੁ ਤੇਰੋ ਨਹੀ; ਨਾਨਕ. ਕਹਿਓ ਬਖਾਨਿ॥੪੧॥

(ਨਾਨਕ) ਵਾਹਿਗੁਰੂ ਮਹੱਲਾ ਨੌਵਾਂ ਸਾਹਿਬ ਜੀ (ਬਖਾਨਿ) ਕਥਨ ਕਰਕੇ (ਕਹਿਓ) ਕਹਿ ਰਹੇ ਹਨ:- ਹੇ ਮਨਮੁਖ! (ਇਨ) ਇਸ ਸੰਸਾਰ (ਮੈ) 'ਚ (ਤੇਰੋ) ਤੇਰਾ (ਕਛੁ) ਕੁੱਝ ਭੀ ਨਹੀ ਹੈ। ਯਥਾ:- ਰੇ ਨਰ; ਇਹ ਸਾਚੀ ਜੀਅ ਧਾਰਿ॥ ਸਗਲ ਜਗਤੁ ਹੈ ਜੈਸੇ ਸੁਪਨਾ; ਬਿਨਸਤ. ਲਗਤ ਨ ਬਾਰ॥੧॥ਰਹਾਉ॥) ਜੈਸਾ ਸੁਪਨਾ ਰੈਨਿ ਕਾ; ਤੈਸਾ ਸੰਸਾਰ॥) ਮਾਇਆ ਕੇ ਮਾਤੇ; ਤੈ ਉਠਿ ਚਲਨਾ॥ ਰਾਚਿ ਰਹਿਓ ਤੂ; ਸੰਗਿ ਸੁਪਨਾ॥੧॥ਰਹਾਉ॥

ਗਰਬੁ ਕਰਤੁ ਹੈ ਦੇਹ ਕੋ; ਬਿਨਸੈ ਛਿਨ ਮੈ ਮੀਤ॥

ਹੇ (ਮੀਤ) ਮਿੱਤ੍ਰ ਜੀ! ਇਹ ਨਾਸਵੰਤ ਦੇਹ (ਕੋ) ਦਾ (ਗਰਬੁ) ਹੰਕਾਰ (ਕਰਤੁ) ਕਰਦਾ ਹੈ। ਇਹ ਪੰਜ ਤੱਤਾਂ ਰਚਤ ਦੇਹੀ ਤਾਂ ਕੱਚੀ ਗਾਗਰ ਵਾਂਗ ਹੈ। ਹੱਡ ਮਾਸ ਨਾਲ ਲਪੇਟੀ ਹੋਈ, ਕਾਲਰੀ ਕੰਧ ਜੈਸੀ ਹੈ। ਇੱਕ ਛਿਨ (ਮੈ) ਵਿੱਚ (ਬਿਨਸੈ) ਨਾਸ ਹੋ ਜਾਂਦੀ ਹੈ। ਯਥਾ:- ਕਬੀਰ. ਗਰਬੁ, ਨ ਕੀਜੀਐ; ਦੇਹੀ ਦੇਖਿ ਸੁਰੰਗ॥ ਆਜੁ ਕਾਲ੍ਹਿ. ਤਜਿ ਜਾਹੁਗੇ; ਜਿਉ ਕਾਂਚੁਰੀ ਭੁਯੰਗ॥੪੦॥) ਇਸੁ ਤਨ ਧਨ ਕਾ; ਕਹਹੁ ਗਰਬੁ ਕੈਸਾ॥ ਬਿਨਸਤ ਬਾਰ. ਨ ਲਾਗੈ ਬਵਰੇ; ਹਉਮੈ ਗਰਬਿ ਖਪੈ ਜਗੁ ਐਸਾ॥੧॥ਰਹਾਉ॥) ਬਿਸਟਾ ਅਸਤ ਰਕਤੁ; ਪਰੇਟੇ ਚਾਮ॥ ਇਸੁ ਊਪਰਿ; ਲੇ ਰਾਖਿਓ ਗੁਮਾਨ॥੩॥) ਕਬੀਰ. ਗਰਬੁ, ਨ ਕੀਜੀਐ; ਚਾਮ ਲਪੇਟੇ ਹਾਡ॥ ਹੈਵਰ ਊਪਰਿ, ਛਤ੍ਰ ਤਰ; ਤੇ ਫੁਨਿ ਧਰਨੀ ਗਾਡ॥੩੭॥

ਜਿਹਿ ਪ੍ਰਾਨੀ. ਹਰਿ ਜਸੁ ਕਹਿਓ; ਨਾਨਕ. ਤਿਹਿ ਜਗੁ ਜੀਤਿ॥੪੨॥

ਗ੍ਰੀਬ ਨਿਵਾਜ ਪ੍ਰਭੂ ਭਗਵਾਨ ਮਾਧੋ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ ਹੰਗਤਾ ਦੀ

ਨਿਵਿਰਤੀ ਲਈ ਉਪਦੇਸ਼ ਬਖ਼ਸ਼ਦੇ ਹਨ:- (ਜਿਹਿ) ਜਿਸ ਗੁਰਮੁਖਿ ਪ੍ਰਾਨੀ ਨੇ (ਹਰਿ) ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ ਦੇ ਪਰਮਪੂਜਨੀਕ ਸ਼ੁਭ ਸੱਚੇ ਜਸੁ ਨੂੰ (ਕਹਿਓ) ਕਿਹਾ, ਦਿਨ ਰਾਤ ਗਾਇਆ, (ਤਿਹਿ) ਤਿਸ ਨੇ ਜਗੁ ਨੂੰ (ਜੀਤਿ) ਜਿੱਤ ਲਿਆ। ਯਥਾ:- ਨਾਨਕ ਕਉ. ਉਪਜੀ ਪਰਤੀਤਿ॥ ਮਨਮੁਖ ਹਾਰ; ਗੁਰਮੁਖ ਸਦ ਜੀਤਿ॥੪॥੧੬॥੧੮॥) ਗੁਰਪ੍ਰਸਾਦਿ ਨਾਨਕ ਜਗੁ ਜੀਤਿਓ; ਬਹੁਰਿ. ਨ ਆਵਹਿ ਜਾਂਹਿ॥੨॥੯੮॥੧੧੧॥) ਨਾਨਕ. ਗਿਆਨੀ ਜਗੁ ਜੀਤਾ; ਜਗਿ ਜੀਤਾ ਸਭੁ ਕੋਇ॥) ਗੁਰਮੁਖਿ ਜਗੁ ਜੀਤਾ; ਜਮਕਾਲੁ ਮਾਰਿ ਬਿਦਾਰਿ॥) ਪ੍ਰਭ ਪੂਜਹੋ; ਨਾਮੁ ਅਰਾਧਿ॥ ਗੁਰ ਸਤਿਗੁਰ ਚਰਨੀ ਲਾਗਿ॥ ਹਰਿ ਪਾਵਹੁ; ਮਨੁ ਅਗਾਧਿ॥ ਜਗੁ ਜੀਤੋ ਹੋ; ਹੋ ਗੁਰ ਕਿਰਪਾਧਿ॥੧॥ਰਹਾਉ॥

ਜਿਹ ਘਟਿ ਸਿਮਰਨੁ ਰਾਮ ਕੋ; ਸੋ ਨਰੁ ਮੁਕਤਾ ਜਾਨੁ॥

(ਜਿਹ) ਜਿਸ ਦੇ (ਘਟਿ) ਰਿਦੇ 'ਚ (ਰਾਮ) ਵਿਆਪਕ ਭਗਵਾਨ ਜੀ (ਕੋ) ਦਾ ਸਿਮਰਨੁ ਹੈ, (ਸੋ) ਉਹ (ਨਰੁ) ਮਹਾਂਪੁਰਸ਼ ਗੁਰਮੁਖਿ ਜੀ ਨੂੰ ਜਨਮ ਮਰਨ, ਮੋਹ ਮਾਇਆ ਦੇ ਬੰਧਨਾਂ ਤੋਂ (ਮੁਕਤਾ) ਮੁਕਤ (ਜਾਨੁ) ਜਾਣਣਾ ਕਰੋ ਜੀ। ਯਥਾ:- ਨਾਨਕ. ਮੁਕਤਿ ਤਾਹਿ ਤੁਮ ਮਾਨਹੁ; ਜਿਹ ਘਟਿ ਰਾਮੁ ਸਮਾਵੈ॥੨॥੬॥) ਜਿਸੁ ਘਟਿ ਵਸਿਆ ਨਾਉ; ਤਿਸੁ ਬੰਧਨ ਕਾਟੀਐ॥

ਤਿਹਿ ਨਰ ਹਰਿ ਅੰਤਰੁ ਨਹੀ; ਨਾਨਕ. ਸਾਚੀ ਮਾਨੁ॥੪੩॥

ਪਰਮਪੂਜਨੀਕ ਸਤਿਗੁਰੂ (ਨਾਨਕ) ਤੇਗਬਹਾਦਰ ਸਾਹਿਬ ਜੀ ਫ਼ੁਰਮੌਂਦੇ ਹਨ:- (ਤਿਹਿ) ਤਿਸ (ਨਰ) ਮਹਾਂਪੁਰਸ਼ ਗੁਰਮੁਖਿ ਜੀ ਅਤੇ (ਹਰਿ) ਵਿਆਪਕ ਪਾਰਬ੍ਰਹਮ ਜੀ ਦੇ ਵਿੱਚ ਕੋਈ ਭੀ ਅੰਤਰੁ ਨਹੀ ਹੈ। ਇਸ ਗੱਲ ਨੂੰ (ਸਾਚੀ) ਸੱਚੀ ਕਰਕੇ (ਮਾਨੁ) ਮੰਨਣਾ ਕਰੋ। ਯਥਾ:- ਰਾਮ ਕਬੀਰਾ. ਏਕ ਭਏ ਹੈ; ਕੋਇ. ਨ ਸਕੈ ਪਛਾਨੀ॥੬॥੩॥) ਦੋਹਰਾ॥ ਹਰਿ ਹਰਿਜਨ ਦੁਈ ਏਕ ਹੈਂ, ਬਿਬ ਬਿਚਾਰ ਕਛੁ ਨਾਹਿਂ॥ ਜਲ ਤੇ ਉਪਜ ਤਰੰਗ ਜਿਉ, ਜਲ ਹੀ ਬਿਖੈ ਸਮਾਹਿ॥੬੦॥੨੭੫॥ ਨਾਨਕ; ਬ੍ਰਹਮਗਿਆਨੀ ਆਪਿ ਪਰਮੇਸੁਰ॥੬॥) ਨਾਨਕ ਸਾਧ ਪ੍ਰਭ; ਭੇਦੁ ਨ ਭਾਈ॥੮॥੭॥) ਬ੍ਰਹਮ ਮਹਿ ਜਨੁ; ਜਨ ਮਹਿ ਪਾਰਬ੍ਰਹਮੁ॥ ਏਕਹਿ ਆਪਿ; ਨਹੀ ਕਛੁ ਭਰਮੁ॥

ਏਕ ਭਗਤਿ ਭਗਵਾਨ; ਜਿਹ ਪ੍ਰਾਨੀ ਕੈ ਨਾਹਿ ਮਨਿ॥

(ਏਕ) ਇੱਕ (ਭਗਵਾਨ) ਅਕਾਲਪੁਰਖੁ ਵਾਹਿਗੁਰੂ ਜੀ ਦੀ ਪ੍ਰੇਮਾ (ਭਗਤਿ) ਭਗਤੀ (ਜਿਹ) ਜਿਸ ਪ੍ਰਾਨੀ (ਕੈ) ਦੇ ਮਨਿ ਵਿੱਚ (ਨਾਹਿ) ਨਹੀਂ ਹੈ।

ਜੈਸੇ ਸੂਕਰ ਸੁਆਨ; ਨਾਨਕ. ਮਾਨੋ ਤਾਹਿ ਤਨੁ॥੪੪॥

(ਨਾਨਕ) ਪਰਮਪੂਜਨੀਕ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- (ਜੈਸੇ) ਜਿਵੇਂ (ਸੁਆਨ) ਕੁੱਤਾ ਅਤੇ (ਸੂਕਰ) ਸੂਰ ਹੈ, ਤਿਵੇਂ (ਤਾਹਿ) ਤਿਸ ਪ੍ਰਾਨੀ ਦੇ (ਤਨੁ) ਸ੍ਰੀਰ ਨੂੰ (ਮਾਨੋ) ਮੰਨਣਾ ਕਰੋ। ਯਥਾ:- ਗੁਰ ਮੰਤ੍ਰ ਹੀਣਸ੍ਯ. ਜੋ ਪ੍ਰਾਣੀ; ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ; ਸਰਪਨਹ ਤੁਲਿ ਖਲਹ॥੩੩॥) ਬਿਨੁ ਭਗਤੀ. ਵਿਸਟਾ ਵਿਚਿ ਵਾਸਾ; ਬਿਸਟਾ ਵਿਚਿ ਫਿਰਿ ਪਾਇਦਾ॥੧੧॥) ਬਿਨੁ ਸਿਮਰਨ; ਭਏ ਕੂਕਰ ਕਾਮ॥) ਬਿਨੁ ਸਿਮਰਨ; ਕੂਕਰ ਹਰਕਾਇਆ॥ ਸਾਕਤ ਲੋਭੀ; ਬੰਧੁ. ਨ ਪਾਇਆ॥੬॥) ਸੂਕਰ ਸੁਆਨ ਗਰਧਭ ਮੰਜਾਰਾ॥ ਪਸੂ ਮਲੇਛ ਨੀਚ ਚੰਡਾਲਾ॥) ਕੂਕਰ ਸੂਕਰ ਕਹੀਅਹਿ ਕੂੜਿਆਰਾ॥ ਭਉਕਿ ਮਰਹਿ; ਭਉ ਭਉ ਭਉਹਾਰਾ॥ ਮਨਿ ਤਨਿ ਝੂਠੇ. ਕੂੜੁ ਕਮਾਵਹਿ; ਦੁਰਮਤਿ ਦਰਗਹ ਹਾਰਾ ਹੇ॥੧੫॥) ਸਾਧਸੰਗਤਿ ਕਬਹੂ. ਨਹੀ ਕੀਨੀ; ਰਚਿਓ ਧੰਧੈ ਝੂਠ॥ ਸੁਆਨ ਸੂਕਰ ਬਾਇਸ ਜਿਵੈ; ਭਟਕਤੁ ਚਾਲਿਓ ਊਠਿ॥੧॥

ਤਜਤ: ਪੋਲਾ ਬੋਲੋ- ਸੁਆਮੀ ਕੋ ਗ੍ਰਿਹੁ ਜਿਉ ਸਦਾ; ਸੁਆਨ ਤਜਤ ਨਹੀ ਨਿਤ॥
ਨਾਨਕ. ਇਹ ਬਿਧਿ ਹਰਿ ਭਜਉ; ਇਕ ਮਨਿ ਹੁਇ ਇਕ ਚਿਤਿ॥੪੫॥

ਪਰਮਪੂਜਨੀਕ ਸਤਿਗੁਰੂ (ਨਾਨਕ) ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- ਜਿਵੇਂ (ਸੁਆਨ) ਕੁੱਤਾ ਸਦਾ ਨਿਤ ਅਪਣੇ (ਸੁਆਮੀ) ਮਾਲਕ (ਕੋ) ਦੇ (ਗ੍ਰਿਹੁ) ਘਰ ਨੂੰ (ਤਜਤ) ਛੱਡਦਾ ਨਹੀ, ਸਾਰੀ ਰਾਤ ਜਾਗ ਕੇ ਪਹਿਰਾ ਦਿੰਦਾ। (ਇਹ) ਇਸ (ਬਿਧਿ) ਤਰੀਕੇ ਨਾਲ ਇਕ ਮਨਿ ਇਕ ਚਿਤਿ ਭਾਵ, ਸਾਵਧਾਨ ਏਕਾਗਰ ਚੀਤ॥ (ਹੁਇ) ਹੋ ਕੇ, (ਹਰਿ) ਅਕਾਲਪੁਰਖੁ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਨੂੰ (ਭਜਉ) ਸਿਮਰਨਾ ਕਰੋ, ਵਾਹਿਗੁਰੂ ਜੀ ਦਾ ਦਰ ਘਰ ਕਦੇ ਨਾ ਛੱਡੋ, ਸਾਰੀ ਰਾਤ ਜਾਗ ਕੇ ਮਾਲਕ ਵਾਹਿਗੁਰੂ ਜੀ ਦਾ ਸੇਵਾ ਸਿਮਰਨ, ਗੁਰੂ ਘਰ ਦੀ ਰਾਖੀ ਕਰੋ ਜੀ।

ਧੰਨ ਗੁਰੂ ਅਮਰਦਾਸ ਸਾਹਿਬ ਜੀ ਦੀ ਨਿੱਗਰ ਸੇਵਾ ਦਾ ਦ੍ਰਿਸਟਾਂਤ:- ਜਿਵੇਂ ਮਹਾਰਾਜ ਸਾਹਿਬ ਧੰਨ ਗੁਰੂ ਅਮਰਦਾਸ ਸਾਹਿਬ ਜੀ ਨੇ ਸਤਿਗੁਰੂ ਅੰਗਦਦੇਵ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਦਰ ਨਹੀਂ

ਛੱਡਿਆ, ਭਾਵੇਂ ਗੋਤੀ ਆ ਕੇ ਕਹਿੰਦੇ, "ਦੁਨੀਆਂ ਸਾਨੂੰ ਤਾਹਨੇ ਮਾਰਦੀ ਹੈ, ਦਾੜ੍ਹਾ ਕੇਸ ਚਿੱਟੇ ਹੋ ਗਏ, ਪਰ ਟੁੱਕਰਾਂ ਖਾਤਰ ਕੁੜਮਾ ਘਰੇ ਬੈਠਾ ਹੈਂ, ਜੇ ਕੋਈ ਬੱਚਾ ਭੀ ਸੇਵਾ ਨੂੰ ਕਹੇ, ਉਹ ਭੀ ਹੱਥ ਜੋੜ ਕੇ ਨਮਸਕਾਰ ਕਰਕੇ ਸੇਵਾ ਕਰਦਾ ਹੈਂ, ਬਈ ਮੈਨੂੰ ਇੱਥੋ ਕੱਢ ਨਾ ਦੇਣ। ਚੱਲ ਚੱਲੀਏ ਇੱਥੇ ਕੁੜਮਾਂ ਦੇ ਘਰੇ ਬੈਠਾ ਕੀ ਕਰਦਾ ਹੈਂ? ਇਹ ਉਮਰ ਘਰੇ ਬੈਠਣ ਦੀ ਹੈ।" ਯਥਾ:- ਜੇ ਕੋ ਨਾਉ ਲਏ. ਬਦਨਾਵੀ; ਕਲਿ ਕੇ ਲਖਣ ਏਈ॥੩॥ ਮਹਾਰਾਜ ਸਾਹਿਬ ਜੀ ਨੇ ਦਰ ਨਹੀਂ ਛੱਡਿਆ। ਮਹਾਰਾਜ ਸਾਹਿਬ ਜੀ ਦੇ ਦਰਬਾਰ ਦੇ ਕੂਕਰ ਬਣ ਕੇ ਬਾਰਾਂ ਸਾਲ ਭਾਰੀ ਨਿੱਗਰ ਸੇਵਾ ਕੀਤੀ । ਮਨ ਨੂੰ ਮੋਹ ਮਾਇਆ ਵਿਸ਼ਿਆਂ ਵਿੱਚ ਪੈਣ ਤੋਂ ਰੋਕ ਕੇ ਸੱਚੇ ਸਤਿਗੁਰਾਂ ਜੀ ਦੇ ਉਪਦੇਸ਼ ਮੰਨੇ। ਯਥਾ:- ਹਮ ਕੂਕਰ; ਤੇਰੇ ਦਰਬਾਰਿ॥ ਭਉਕਹਿ; ਆਗੈ ਬਦਨੁ ਪਸਾਰਿ॥੧॥ਰਹਾਉ॥) ਪ੍ਰਭ ਕੈ ਦਰਿ ਪਏ; ਮੇਰੇ ਮਨਾ॥੧॥ਰਹਾਉ॥) ਸਗ ਨਾਨਕ. ਦੀਬਾਨ ਮਸਤਾਨਾ; ਨਿਤ ਚੜੈ ਸਵਾਇਆ॥) ਕਬੀਰ. ਕੂਕਰੁ ਰਾਮ ਕੋ; ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ; ਜਹ ਖਿੰਚੈ ਤਹ ਜਾਉ॥੭੪॥) ਸਭੁ ਆਪੇ ਜਗਤੁ ਉਪਾਇਦਾ ਪਿਆਰਾ; ਵਸਿ ਆਪੇ ਜੁਗਤਿ ਹਥਾਹਾ॥ ਗਲਿ ਜੇਵੜੀ ਆਪੇ ਪਾਇਦਾ ਪਿਆਰਾ; ਜਿਉ ਪ੍ਰਭੁ ਖਿੰਚੈ ਤਿਉ ਜਾਹਾ॥ ਜੋ ਗਰਬੈ. ਸੋ ਪਚਸੀ ਪਿਆਰੇ; ਜਪਿ ਨਾਨਕ ਭਗਤਿ ਸਮਾਹਾ॥੪॥੬॥

ਸ੍ਰਬ ਵਿਆਪੀ ਮਹਾਂ ਵਿਸਮਾਦ ਅਵਸਥਾ 'ਚ ਲੀਣ ਹੋ ਕੇ, ਤੀਜੇ ਪਾਤਿਸ਼ਾਹ ਜੀ ਨੇ ਫ਼ੁਰਮਾਇਆ:- ਅੰਦਰ ਬਾਹਰ ਭਰਪੂਰ ਨਿਰਗੁਨ ਬ੍ਰਹਮ ਜੀ ਦਾ ਦਾਸਨਦਾਸ ਕੂਕਰ ਹੈ, ਜੋ ਅੰਦਰ ਬਾਹਰ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਸਰੂਪ ਵਾਹਿਗੁਰੂ ਬ੍ਰਹਮ ਜੀ ਭਰਪੂਰ ਹੋ ਰਹੇ ਹਨ। ਆਪੋਂ ਕੋਈ ਸੰਕਲਪ ਨਹੀਂ ਫ਼ੁਰ ਰਿਹਾ, ਸੰਕਲਪ ਵਿਕਲਪ ਮਹਾਰਾਜ ਸਾਹਿਬ ਜੀ ਦੀ ਜੋਤਿ ਨਾਲ ਫ਼ੁਰ ਰਹੇ ਹਨ, ਮਹਾਰਾਜ ਸਾਹਿਬ ਜੀ ਦੀ ਜੋਤਿ ਨਾਲ ਦਾਸਨਦਾਸ ਦੇਖ ਬੋਲ ਸੁਣ ਰਿਹਾ ਹੈ। ਆਪਣੀ ਮਰਜ਼ੀ ਨਾਲ, ਅੱਖ ਭੀ ਨਹੀਂ ਖੋਲ੍ਹ ਮੀਚ ਸਕਦਾ। ਦਾਸਨਦਾਸ ਕੂਕਰ ਅਪਣੇ ਸੁਆਮੀ ਜੀ ਦਾ ਦਰ, ਨਹੀਂ ਛੱਡਦਾ, ਇੱਕ ਮਨ ਇੱਕ ਚਿੱਤ ਹੋ ਕੇ ਚੇਤੇ ਕਰਦਾ ਹੈ।

ਤੀਰਥ ਬਰਤ ਅਰੁ ਦਾਨ ਕਰਿ; ਮਨ ਮੈ ਧਰੈ ਗੁਮਾਨੁ॥

ਨਾਨਕ. ਨਿਹਫਲ ਜਾਤ ਤਿਹ; ਜਿਉ ਕੁੰਚਰ ਇਸਨਾਨੁ॥੪੬॥

ਪਰਮਪੂਜਨੀਕ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- ਅਠਾਹਠ ਤੀਰਥ ’ਤੇ ਇਸ਼ਨਾਨ ਕਰਕੇ, ਬਰਤ ਰੱਖ ਕੇ (ਅਰੁ) ਅਤੇ ਅਨੇਕ ਪ੍ਰਕਾਰ ਦੇ ਦਾਨ (ਕਰਿ) ਕਰਕੇ ਮਨ (ਮੈ) ਵਿੱਚ ਇਨ੍ਹਾਂ ਦਾ (ਗੁਮਾਨੁ) ਹੰਕਾਰ (ਧਰੈ) ਧਰੇ ਭਾਵ ਕਰੇ, ਫਿਰ ਉਪ੍ਰੋਕਤ ਕਰਮ (ਨਿਹਫਲ) ਨਿਸਫਲ ਹੋ (ਜਾਤ) ਜਾਂਦੇ ਹਨ, (ਜਿਉ) ਜਿਵੇਂ (ਕੁੰਚਰ) ਹਾਥੀ ਨੂੰ ਇਸਨਾਨੁ ਕਰੌਂਣ ਤੋਂ ਮਗਰੋਂ ਅਪਣੇ ਸ੍ਰੀਰ ’ਤੇ ਸੁਆਹ ਪਾ ਲੈਂਦਾ ਹੈ।

ਸ਼ੁਭ ਵੀਚਾਰ:- ਗੁਰਮੁਖਿ ਦਾਸਨਦਾਸ ਗ੍ਰੀਬ ਗੁਰਸੇਵਕ ਗੁਰਪ੍ਰਸਾਦਿ ਬਣ ਕੇ, ਨਾਮ ਜਪੇ ਬਿਨਾ, ਹੰਗਤਾ ਦੀ ਪੂਰਨ ਨਿਵਿਰਤੀ, ਵਾਹਿਗੁਰੂ ਜੀ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰਮੁਖਿ ਪੁੰਨ ਦਾਨ ਕਰਨਾ ਹੀ ਚੰਗਾ ਹੈ, ਜਿਵੇਂ ਗੁਰੂ ਸਾਹਿਬ ਜੀ ਨੇ ਫ਼ੁਰਮਾਇਆ:- ਜੇ ਲੋੜਹਿ ਚੰਗਾ ਆਪਣਾ; ਕਰਿ ਪੁੰਨਹੁ. ਨੀਚੁ ਸਦਾਈਐ॥ ਭਾਵ ਅਪਣੀ ਮੇਰ ਛੱਡ ਕੇ, ਸਭ ਕੁੱਝ ਪਰਮੇਸਰ ਜੀ ਦਾ ਮੰਨ ਕੇ, ਗੁਰੂ ਜੀ ਤੋਂ ਸਭ ਕੁੱਝ ਕੁਰਬਾਨ ਕਰਨਾ।

ਪਗ ਡਗਮਗੈ, ਬਿਧਿ: ਪੋਲਾ ਬੋਲੋ- ਸਿਰੁ ਕੰਪਿਓ, ਪਗ ਡਗਮਗੈ; ਨੈਨ ਜੋਤਿ. ਤੇ ਹੀਨ॥

ਕਹੁ ਨਾਨਕ. ਇਹ ਬਿਧਿ ਭਈ; ਤਊ. ਨ ਹਰਿ ਰਸਿ ਲੀਨ॥੪੭॥

(ਨਾਨਕ) ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫੁਰਮੌਂਦੇ ਹਨ:- ਮਨਮੁਖ ਦਾ ਸਿਰੁ (ਕੰਪਿਓ) ਕੰਬਣ ਲੱਗ ਗਿਆ, (ਪਗ) ਪੈਰ (ਡਗਮਗੈ) ਡਾਵਾਂਡੋਲ ਹੋ ਗਏ ਅਤੇ (ਨੈਨ) ਅੱਖਾਂ ਜੋਤਿ (ਤੇ) ਤੋਂ ਹੀਨ ਹੋ ਗਈਆਂ। ਮਨਮੁਖ ਦੀ ਇਹ (ਬਿਧਿ) ਹਾਲਤ (ਭਈ) ਹੋ ਗਈ, (ਤਊ) ਤਾਂ ਭੀ (ਹਰਿ) ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੇ ਅਮੋਲਕ ਮਿੱਠੇ ਨਾਮ ਰਸਿ ਨੂੰ (ਲੀਨ) ਲੈਣਾ (ਨ) ਨਹੀਂ ਕੀਤਾ ਅਥਵਾ ਹਰਿ ਰਸਿ ’ਚ ਲੀਨ (ਨ) ਨਹੀਂ ਹੋਇਆ। ਯਥਾ:- ਜੋਬਨੁ ਗਇਆ ਬਿਤੀਤਿ; ਜਰੁ ਮਲਿ ਬੈਠੀਆ॥ ਕਰ ਕੰਪਹਿ. ਸਿਰੁ ਡੋਲ; ਨੈਣ. ਨ ਡੀਠਿਆ॥ ਨਹ ਨੈਣ ਦੀਸੈ. ਬਿਨੁ ਭਜਨ ਈਸੈ; ਛੋਡਿ ਮਾਇਆ ਚਾਲਿਆ॥) ਰੰਗਿ ਨ ਰਾਤਾ. ਰਸਿ ਨਹੀ ਬੇਧਿਆ; ਮਨਮੁਖਿ ਪਤਿ ਗਵਾਈ॥੨॥) ਰੰਗਿ. ਨ ਰਾਤਾ; ਰਸਿ ਨਹੀ ਮਾਤਾ॥

ਅੰਗ ੧੪੨੯- ਨਿੱਜ. ਜੱਗਤ- ਨਿਜ ਕਰਿ ਦੇਖਿਓ. ਜਗਤੁ ਮੈ; ਕੋ ਕਾਹੂ ਕੋ ਨਾਹਿ॥

ਨਾਨਕ. ਥਿਰੁ ਹਰਿ ਭਗਤਿ ਹੈ; ਤਿਹ ਰਾਖੋ ਮਨ ਮਾਹਿ॥੪੮॥

ਪਾਰਬ੍ਰਹਮ ਕੇ ਗੁਰ ਅਵਤਾਰ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- ਕਹਤੁ ਕਬੀਰੁ; ਕੋਈ ਨਹੀ ਤੇਰਾ॥ ਅਨੁਸਾਰ ਦਾਸਨਦਾਸ ਨੇ (ਨਿਜ) ਆਪ ਅਨੁਭਵ (ਕਰਿ) ਕਰਕੇ (ਦੇਖਿਓ) ਦੇਖਿਆ, ਕਿ ਇਸ (ਜਗਤੁ) ਜੱਗ (ਮੈ) ਵਿੱਚ (ਕੋ) ਕੋਈ ਭੀ (ਕਾਹੂ) ਕਿਸੇ (ਕੋ) ਦਾ (ਨਾਹਿ) ਨਹੀਂ ਹੈ। (ਹਰਿ) ਕਰਤਾਪੁਰਖੁ ਵਾਹਿਗੁਰੂ ਜੀ ਤੇ ਉਨ੍ਹਾਂ ਦੀ (ਭਗਤਿ) ਪ੍ਰੇਮਾ ਭਗਤੀ ਹੀ (ਥਿਰੁ) ਅਚੱਲ ਰਹਿਣ ਵਾਲੀ ਹੈ। ਇਸ ਕਰਕੇ ਕੇਵਲ (ਤਿਹ) ਤਿਨ੍ਹਾਂ ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ, ਤੇ ਉਨ੍ਹਾਂ ਦੀ ਪ੍ਰੇਮਾ ਭਗਤੀ ਨੂੰ ਮਨ (ਮਾਹਿ) ਵਿੱਚ ਦ੍ਰਿੜ ਕਰਕੇ (ਰਾਖੋ) ਰੱਖਣਾ ਕਰੋ ਜੀ। ਯਥਾ:- ਅਸਥਿਰੁ ਕਰਤਾ ਦੇਖੀਐ; ਹੋਰੁ ਕੇਤੀ ਆਵੈ ਜਾਇ॥) ਨਾਨਕ. ਵਿਣੁ ਨਾਵੈ. ਕੋ ਥਿਰੁ ਨਹੀ; ਪੜਿ ਪੜਿ ਹੋਇ ਖੁਆਰੁ॥੨॥) ਬਿਨੁ ਸਬਦੈ. ਥਿਰੁ ਕੋ ਨਹੀ; ਬੂਝੈ ਸੁਖੁ ਹੋਈ॥੫॥) ਰਾਮ ਨਾਮ ਬਿਨੁ. ਕੋ ਥਿਰੁ ਨਾਹੀ ਜੀਉ; ਬਾਜੀ ਹੈ ਸੰਸਾਰਾ॥) ਅਸਥਿਰੁ ਭਗਤਿ; ਸਾਧ ਕੀ ਸਰਨ॥ ਨਾਨਕ. ਜਪਿ ਜਪਿ ਜੀਵੈ; ਹਰਿ ਕੇ ਚਰਨ॥੪॥

ਜਗ ਰਚਨਾ ਸਭ ਝੂਠ ਹੈ; ਜਾਨਿ ਲੇਹੁ ਰੇ ਮੀਤ॥

ਕਹਿ ਨਾਨਕ. ਥਿਰੁ ਨਾ ਰਹੈ; ਜਿਉ ਬਾਲੂ ਕੀ ਭੀਤਿ॥੪੯॥

ਪਰਮਪੂਜਨੀਕ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹਿ) ਫੁਰਮੌਂਦੇ ਹਨ:- (ਰੇ) ਹੇ ਪਿਆਰੇ (ਮੀਤ) ਮਿੱਤ੍ਰ ਜੀ! ਇਹੁ ਜਗੁ; ਧੂਏ ਕਾ ਪਹਾਰ॥ ਅਨੁਸਾਰ ਇਹ ਜਾਨਿ (ਲੇਹੁ) ਲੈਣਾ ਕਰੋ ਕਿ ਸੱਚੇ ਵਾਹਿਗੁਰੂ ਜੀ ਨੂੰ ਛੱਡ ਕੇ, ਇਹ (ਜਗ) ਸੰਸਾਰ ਦੀ (ਸਭ) ਸਾਰੀ ਰਚਨਾ (ਝੂਠ) ਝੂਠੀ ਨਾਸਵੰਤ ਹੈ। ਯਥਾ:- ਜੋ ਦੀਸੈ. ਸੋ ਸਗਲ ਬਿਨਾਸੈ; ਜਿਉ ਬਾਦਰ ਕੀ ਛਾਹੀ॥੧॥) ਝੂਠਾ ਇਹੁ ਸੰਸਾਰੁ; ਕਿਨਿ ਸਮਝਾਈਐ॥

ਮ੍ਰਿਤ ਮੰਡਲ ਜਗੁ ਸਾਜਿਆ; ਜਿਉ ਬਾਲੂ ਘਰ ਬਾਰ॥ ਅਨੁਸਾਰ (ਜਿਉ) ਜਿਵੇਂ (ਬਾਲੂ) ਰੇਤੇ (ਕੀ) ਦੀ ਕੱਚੀ (ਭੀਤਿ) ਕੰਧ, ਹਵਾ ਪਾਣੀ ਲੱਗਣ ਤੋਂ ਝੱਟ ਹੀ ਨਾਸ ਹੋ ਜਾਂਦੀ ਹੈ। ਤਿਵੇਂ ਸੰਸਾਰ ਦੀ ਝੂਠੀ ਰਚਨਾ (ਥਿਰੁ) ਅਚੱਲ (ਨਾ) ਨਹੀਂ (ਰਹੈ) ਰਹੇਗੀ।

ਰਾਮੁ ਗਇਓ ਰਾਵਨੁ ਗਇਓ; ਜਾ ਕਉ ਬਹੁ ਪਰਵਾਰੁ॥

ਕਹੁ ਨਾਨਕ. ਥਿਰੁ ਕਛੁ ਨਹੀ; ਸੁਪਨੇ ਜਿਉ ਸੰਸਾਰੁ॥੫੦॥

ਵਾਹਿਗੁਰੂ ਜੀ ਦੇ ਗੁਰ ਅਵਤਾਰ ਧੰਨ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਕਹੁ) ਫ਼ੁਰਮੌਂਦੇ ਹਨ:- (ਰਾਮੁ) ਸ੍ਰੀ ਰਾਮਚੰਦ੍ਰ ਜੀ ਜਦੋਂ ਹੰਕਾਰੀ ਰਾਵਨ 'ਤੇ ਚੜ੍ਹਾਈ ਕਰਕੇ ਲੰਕਾ (ਗਇਓ) ਗਏ, ਤਾਂ ਰਾਵਨੁ, (ਜਾ) ਜਿਸ (ਕਉ) ਦਾ ਪਰਵਾਰੁ (ਬਹੁ) ਬਹੁਤ ਵੱਡਾ ਸੀ, ਉਹ ਹੰਕਾਰੀ ਰਾਵਨ ਤੇ ਉਸ ਦਾ ਪਰਵਾਰ ਸਭ ਚੱਲਿਆ (ਗਇਓ) ਗਿਆ। ਯਥਾ:- ਲੰਕਾ ਸਾ ਕੋਟੁ; ਸਮੁੰਦ ਸੀ ਖਾਈ॥ ਤਿਹ ਰਾਵਨ ਘਰ; ਖਬਰਿ ਨ ਪਾਈ॥੧॥ ਕਿਆ ਮਾਗਉ; ਕਿਛੁ. ਥਿਰੁ ਨ ਰਹਾਈ॥ ਦੇਖਤ ਨੈਨ; ਚਲਿਓ ਜਗੁ ਜਾਈ॥੧॥ਰਹਾਉ॥ ਇਕੁ ਲਖੁ ਪੂਤ; ਸਵਾ ਲਖੁ ਨਾਤੀ॥ ਤਿਹ ਰਾਵਨ ਘਰ; ਦੀਆ ਨ ਬਾਤੀ॥੨॥) ਰਾਮਚੰਦਿ; ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥ ਭਾਵ ਜੋ ਆਇਆ ਸੋ ਚਲਸੀ; ਅਮਰੁ ਸੁ ਗੁਰੁ ਕਰਤਾਰੁ॥ ਅਨੁਸਾਰ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਤੋਂ ਬਿਨਾ ਜੋ ਭੀ ਆਇਆ ਹੈ ਉਸ ਨੇ ਇੱਕ ਦਿਨ ਸੰਸਾਰ ਛੱਡ ਕੇ ਜਾਣਾ ਹੈ। (ਕੁਛ) ਕੁੱਝ ਭੀ (ਥਿਰੁ) ਅਚੱਲ ਨਹੀ ਹੈ, (ਜਿਉ) ਜਿਵੇਂ (ਸੁਪਨੈ) ਸੁਪਨਾ ਝੂਠਾ ਹੈ ਤਿਵੇਂ ਸੰਸਾਰੁ ਹੈ। ਯਥਾ:- ਭਭਾ; ਭਰਮੁ ਮਿਟਾਵਹੁ ਅਪਨਾ॥ ਇਆ ਸੰਸਾਰੁ; ਸਗਲ ਹੈ ਸੁਪਨਾ॥) ਜੈਸਾ ਸੁਪਨਾ ਰੈਨਿ ਕਾ; ਤੈਸਾ ਸੰਸਾਰ॥

ਚਿੰਤਾ. ਤਾ ਕੀ ਕੀਜੀਐ; ਜੋ ਅਨਹੋਨੀ ਹੋਇ॥

ਇਹੁ ਮਾਰਗੁ ਸੰਸਾਰ ਕੋ; ਨਾਨਕ. ਥਿਰੁ ਨਹੀ ਕੋਇ॥੫੧॥

ਵਾਹਿਗੁਰੂ ਜੀ ਦੇ ਗੁਰ ਅਵਤਾਰ ਧੰਨ (ਨਾਨਕ) ਸਤਿਗੁਰੂ ਤੇਗਬਹਾਦਰ ਸਾਹਿਬ ਜੀ, ਚਿੰਤਾ ਰੋਗ ਨਾਲ ਗ੍ਰਸੇ ਹੋਏ ਜੀਆਂ ਨੂੰ ਉਪਦੇਸ਼ ਬਖ਼ਸ਼ਦੇ ਹਨ:- (ਤਾ) ਤਿਸ ਗੱਲ (ਕੀ) ਦੀ ਚਿੰਤਾ (ਕੀਜੀਐ) ਕਰੀਏ, ਜੋ ਅਨਹੋਨੀ ਹੋ ਰਹੀ (ਹੋਇ) ਹੋਵੇ, ਪਰ ਭਾਈ. ਮਤ ਕੋਈ ਜਾਣਹੁ, ਕਿਸੀ ਕੈ ਕਿਛੁ ਹਾਥਿ ਹੈ; ਸਭ ਕਰੇ ਕਰਾਇਆ॥ ਅਨੁਸਾਰ ਕਿਸੇ ਦੇ ਹੱਥ ਕੁੱਝ ਨਹੀਂ ਹੈ। ਮਹਾਰਾਜ ਜੀ ਹੀ ਸਭ ਕੁੱਝ ਕਰ ਰਹੇ ਹਨ। ਤਾਂ ਚਿੰਤਾ ਕਿਸ ਦੀ ਕਰੀਏ? ਭਾਵ ਨਹੀਂ ਕਰਨੀ ਚਾਹੀਦੀ। ਯਥਾ:- ਬਾਬਾ; ਤੂੰ ਐਸੇ ਭਰਮੁ ਚੁਕਾਹੀ॥ ਜੋ ਕਿਛੁ ਕਰਤੁ ਹੈ, ਸੋਈ ਕੋਈ ਹੈ ਰੇ; ਤੈਸੇ ਜਾਇ ਸਮਾਹੀ॥੧॥ਰਹਾਉ॥) ਹੋਨਾ ਹੈ. ਸੋ ਹੋਈ ਹੈ; ਮਨਹਿ. ਨ ਕੀਜੈ ਆਸ॥੧॥ ਇਹੁ ਸੰਸਾਰ (ਕੋ) ਦੇ ਜਨਮ ਮਰਣ ਰੂਪੀ (ਮਾਰਗੁ) ਰਸਤੇ 'ਚ (ਕੋਇ) ਕੋਈ ਭੀ (ਥਿਰੁ) ਅਚੱਲ ਨਹੀ ਹੈ। ਯਥਾ:- ਜੋ ਉਪਜਿਓ. ਸੋ ਬਿਨਸਿ ਹੈ; ਪਰੋ ਆਜੁ ਕੈ ਕਾਲਿ॥ ਨਾਨਕ. ਹਰਿ ਗੁਨ ਗਾਇ ਲੇ; ਛਾਡਿ ਸਗਲ ਜੰਜਾਲ॥੫੨॥) ਕਹੁ ਕਬੀਰ; ਸੁਨਹੁ ਰੇ ਗੁਨੀਆ॥ ਬਿਨਸੈਗੋ ਰੂਪੁ;

ਦੇਖੈ ਸਭ ਦੁਨੀਆ॥੪॥੧੧॥

ਜੋ ਉਪਜਿਓ. ਸੋ ਬਿਨਸਿ ਹੈ; ਪਰੋ ਆਜੁ ਕੇ ਕਾਲਿ॥

ਨਾਨਕ. ਹਰਿ ਗੁਨ ਗਾਇ ਲੇ; ਛਾਡਿ ਸਗਲ ਜੰਜਾਲ॥੫੨॥

ਵਾਹਿਗੁਰੂ ਜੀ ਕੇ ਗੁਰ ਅਵਤਾਰ ਧੰਨ (ਨਾਨਕ) ਗੁਰੂ ਤੇਗਬਹਾਦਰ ਸਾਹਿਬ ਜੀ ਫੁਰਮੌਂਦੇ ਹਨ:- ਜੋ ਕੁੱਝ ਭੀ (ਉਪਜਿਓ) ਪੈਦਾ ਹੋਇਆ (ਸੋ) ਉਹ (ਆਜੁ) ਅੱਜ (ਕੇ) ਜਾਂ (ਕਾਲਿ) ਕੱਲ ਨੂੰ ਅਥਵਾ (ਆਜੁ) ਆਯੂ ਦਾ ਕਾਲਿ ਵੱਸ (ਪਰੋ) ਪੈਣ ਤੋਂ ਬਿਨਸਿ ਜਾਣਾ ਹੈ। ਯਥਾ:- ਜੋ ਉਪਜੈ. ਸੋ ਸਗਲ ਬਿਨਾਸੈ; ਰਹਨੁ. ਨ ਕੋਊ ਪਾਵੈ॥੧॥ (ਸਗਲ) ਸਾਰੇ ਜੰਜਾਲ (ਛਾਡਿ) ਛੱਡ ਕੇ (ਹਰਿ) ਵਾਹਿਗੁਰੂ ਜੀ ਦੇ ਅਮੋਲਕ ਗੁਨ (ਗਾਇ) ਗਾ (ਲੇ) ਲੈਣਾ ਕਰੋ। ਯਥਾ:- ਅਵਰਿ ਕਾਜ; ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ; ਭਜੁ ਕੇਵਲ ਨਾਮ॥੧॥) ਮਨਿ ਤਨਿ ਮੁਖਿ; ਹਰਿ ਨਾਮੁ ਦਇਆਲ॥ ਨਾਨਕ; ਤਜੀਅਲੇ ਅਵਰਿ ਜੰਜਾਲ॥੪॥੫੨॥੧੨੧॥

ਦੋਹਰਾ॥ ਬਲੁ ਛੁਟਕਿਓ, ਬੰਧਨ ਪਰੇ; ਕਛੂ ਨ ਹੋਤ ਉਪਾਇ॥

ਗਜਿ: ਪੋਲਾ ਬੋਲੋ ਜੀ- ਕਹੁ ਨਾਨਕ. ਅਬ ਓਟ ਹਰਿ; ਗਜਿ ਜਿਉ ਹੋਹੁ ਸਹਾਇ॥੫੩॥

ਪਹਿਲਾ ਅਰਥ:- (ਨਾਨਕ) ਸਤਿਗੁਰੂ ਵਾਹਿਗੁਰੂ ਮਹੱਲਾ ਨਾਵਾਂ ਜੀ ਕਸ਼ਮੀਰੀ ਪੰਡਿਤਾਂ ਦੀ ਬਾਂਹ ਫੜੀ ਦੀ ਲਾਜ ਰੱਖਣ ਲਈ, ਬਾਂਹਿ ਜਿਨਾ ਕੀ ਪਕੜੀਐ; ਸਿਰੁ ਦੀਜੀਏ ਬਾਂਹਿ ਨ ਛੋੜੀਏ। ਅਨੁਸਾਰ ਆਪਣਾ ਸੀਸ ਕੁਰਬਾਨ ਕਰਨ ਦੇ ਪ੍ਰਪੱਕ ਇਰਾਦੇ ਨਾਲ, ਤਰਵਿੰਜਵੇਂ (ਦੋਹਰਾ) ਦੋਹਰੇ ’ਚ, ਅਕਾਲਪੁਰਖੁ ਜੀ ਦੇ ਸਨਮੁਖ ਪ੍ਰੇਮ ਬੇਨਤੀ ਸਿਫਾਰਸ਼ (ਕਹੁ) ਕਹਿੰਦੇ ਹਨ:- ਹੇ ਹਰਿ ਵਾਹਿਗੁਰੂ ਜੀ! (ਅਬ) ਹੁਣ ਜ਼ੁਲਮ ਦੇ ਸਤਾਏ ਅਤਿਅੰਤ ਦੁਖੀ ਪੰਡਿਤਾਂ ਹਿੰਦੂਆਂ ਨੂੰ ਆਪ ਜੀ ਦੀ ਹੀ ਓਟ ਹੈ। (ਜਿਉ) ਜਿਵੇਂ ਹਰੀਹਰ ਛੇਤ੍ਰ ’ਤੇ ਗਜਿ ਦੀ ਰੱਖਿਆ ਕੀਤੀ ਸੀ, ਤਿਵੇਂ (ਸਹਾਇ) ਸਹਾਇਕ (ਹੋਹੁ) ਹੋਵੋ ਜੀ, ਕਿਉਂ ਜੋ ਇਨ੍ਹਾਂ ਦਾ ਬਲੁ (ਛੁਟਕਿਓ) ਛੁੱਟ ਗਿਆ ਹੈ, ਗ਼ੁਲਾਮੀ ਦੇ ਬੰਧਨ (ਪਰੇ) ਪੈ ਗਏ ਹਨ, ਤੇ ਇਨ੍ਹਾਂ ਤੋਂ ਅਪਣੇ ਬਚਾਉ ਦਾ (ਕਛੂ) ਕੁੱਝ ਭਾਵ ਥੋੜੇ ਮਾਤ੍ਰ ਭੀ (ਉਪਾਇ) ਯਤਨ (ਨ) ਨਹੀਂ (ਹੋਤ) ਹੁੰਦਾ ਜੀ ਰਾਮ।

ਦੂਜਾ ਅਰਥ:- ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਕੋਟਿ ਬ੍ਰਹਮੰਡ ਦੀ ਰਚਨਾ ਨੂੰ ਅਪਣੇ ਅਜਪਾ ਜਾਪ ਨਿਰਗੁਨ ਸਰੂਪ ਦੁਆਰਾ, ਹੁਣ ਰਚ ਅਤੇ ਲੈ ਕਰ ਰਹੇ

ਹਨ। ਐਡੀ ਵੱਡੀ ਰਚਨਾ ਨੂੰ ਰਚਦਿਆਂ, ਲੈ ਕਰਦਿਆਂ ਨਿਰਲੇਪ ਭੀ ਹਨ। ਇਤਨੀ ਵੱਡੀ ਸ਼ਕਤੀ ਪਾ ਕੇ ਭੀ ਕਰਾਮਾਤ ਨਹੀਂ ਦਿਖਾਈ, ਅਜਰ ਜਰਿਆ, ਭਾਣਾ ਮੰਨਿਆ, ਗੁਰਮਤਿ ਦ੍ਰਿੜ ਕਰਾਈ। ਇਸ ਦਾ ਨਾਮ ਹੰਗਤਾ ਦਾ ਪੂਰਨ ਤਿਆਗ ਵੈਰਾਗ ਹੈ, ਭਾਵੇਂ ਸ਼ਹੀਦੀ ਦੇਣ ਦਾ ਪੱਕਾ ਇਰਾਦਾ ਹੈ, ਪਰ ਫੇਰ ਭੀ ਸ਼ਹੀਦੀ ਦੇਣ ਦੀ ਹੰਗਤਾ ਨਹੀਂ, ਭਾਵੇਂ ਸੰਸਾਰ ਨੂੰ ਗੁਰਬਾਣੀ, ਗੁਰੂ ਮਰਯਾਦਾ ਬਖ਼ਸ਼ ਰਹੇ ਹਨ, ਪਰ ਫੇਰ ਭੀ, ਨੀਚਹੁ ਨੀਚੁ ਨੀਚੁ ਅਤਿ ਨਾਨ੍ਾ; ਹੋਇ ਗਰੀਬੁ ਬੁਲਾਵਉ॥੧॥ਰਹਾਉ॥ ਅਨੁਸਾਰ ਅਕਾਲਪੁਰਖੁ ਧੰਨ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਸਨਮੁਖ ਤਰਵਿੰਜਵੇਂ (ਦੋਹਰਾ) ਦੋਹਰੇ 'ਚ, ਪਰਮਪੂਜਨੀਕ ਨੌਵੇਂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਪ੍ਰੇਮ ਬੇਨਤੀ (ਕਹੁ) ਫ਼ੁਰਮੌਂਦੇ ਹਨ:- ਹੇ ਕਰਣ ਕਾਰਣ; ਸਰਬ ਕਲਾ ਸਮਰਥ॥ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ! ਦਾਸਨਦਾਸ ਦਾ ਬਲੁ (ਛੁਟਕਿਓ) ਛੁੱਟ ਗਿਆ ਹੈ, ਪਿੰਜਰੇ ਦੇ ਬੰਧਨ (ਪਰੇ) ਪੈ ਗਏ ਹਨ, ਨੰਗੀ ਤਲਵਾਰ ਦਾ ਪਹਿਰਾ ਲੱਗ ਗਿਆ ਹੈ, ਹੁਣ ਅਉਸਰ ਲਜਾ ਰਾਖਿ ਲੇਹੁ; ਸਧਨਾ ਜਨੁ ਤੋਰਾ॥੪॥੧॥ ਅਨੁਸਾਰ ਅੰਤ ਦਾ ਸਮਾਂ ਹੈ, ਦਾਸਨਦਾਸ ਤੋਂ ਆਪਣੇ ਬਚਾਉ ਦਾ (ਕਛੂ) ਕੁੱਝ ਭਾਵ ਥੋੜੇ ਮਾਤ੍ਰ ਭੀ (ਉਪਾਇ) ਯਤਨ (ਨ) ਨਹੀਂ (ਹੋਤ) ਹੁੰਦਾ ਜੀ।

ਕਹੁ ਨਾਨਕ. ਅਬ ਓਟ ਹਰਿ; ਗਜਿ ਜਿਉ ਹੋਹੁ ਸਹਾਇ॥੫੩॥ ਹੇ (ਹਰਿ) ਵਾਹਿਗੁਰੂ ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ! ਐਸੇ ਦੁੱਖਦਾਇਕ ਅੰਤਮ ਸਮੇਂ ਤਿਸ ਹੀ ਕੀ ਓਟ ਸਦੀਵ॥ ਅਨੁਸਾਰ (ਅਬ) ਹੁਣ ਦਾਸਨਦਾਸ ਨੂੰ ਆਪ ਜੀ ਦੀ ਹੀ ਓਟ ਹੈ, (ਜਿਉ) ਜਿਵੇਂ ਸ੍ਰੀ ਪਟਨੇ ਸਾਹਿਬ ਜੀ ਨੇੜੇ, ਹਰੀਹਰ ਛੇਤ੍ਰ (ਗੰਗਾਪੁਰ) 'ਤੇ (ਗਜਿ) ਹਾਥੀ ਦੀ ਸਹਾਇਤਾ ਕੀਤੀ, ਤਿਵੇਂ ਦਾਸਨਦਾਸ ਦੇ (ਸਹਾਇ) ਸਹਾਇਕ (ਹੋਹੁ) ਹੋਵੋ ਜੀ, ਜਿਸ ਕਰਕੇ ਦਾਸਨਦਾਸ ਪੂਰਨ ਨਿਰਭੈਤਾ ਸਹਿਤ ਸ਼ਹੀਦੀ ਦੇ ਸਕੇ। ਹਾਥੀ ਪਾਣੀ ਪੀਣ ਲੱਗਿਆ, ਤੰਦੂਏ ਨੇ ਉਸ ਦੀਆਂ ਲੱਤਾਂ ਨੂੰ ਤੰਦਾਂ ਪਾ ਕੇ ਫੜ ਲਿਆ। ਹਾਥੀ ਨੇ ਪਾਣੀ 'ਚ ਆ ਰਿਹਾ ਕਵਲ ਫ਼ੁੱਲ ਆਪਣੇ ਸੁੰਡ ਨਾਲ ਚੁੱਕ ਕੇ, ਪਰਾ ਬਾਣੀ ਦੁਆਰਾ ਵਾਹਿਗੁਰੂ ਜੀ ਦੇ ਸਨਮੁਖ ਅਰਦਾਸ

ਕਰਕੇ ਅਰਪਿਆ। ਸੱਚੇ ਭਗਵਾਨ ਜੀ ਨੇ ਬੈਕੁੰਠ ਤੋਂ ਆ ਕੇ ਸੁਦਰਸ਼ਨ ਚੱਕ੍ਰ ਨਾਲ ਤੰਦਾਂ ਕੱਟ ਕੇ ਹਾਥੀ ਨੂੰ ਤੰਦੂਏ ਤੋਂ ਛੁਡਾਇਆ। ਯਥਾ:- ਕਰ ਧਰੇ ਚਕ੍ਰ. ਬੈਕੁੰਠ ਤੇ ਆਏ; ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥

ਪ੍ਰੇਮ ਪ੍ਰਚਾਰ:- ਇਹ ਪੂਰਨ ਹੰਗਤਾ ਦਾ ਤਿਆਗ, ਨਿਮ੍ਰਤਾ ਗ੍ਰੀਬੀ ਦੇ ਅਭਿਆਸ ਸਹਿਤ, ਅਕਾਲਪੁਰਖੁ ਸਤਿਗੁਰੂ ਸਾਹਿਬ ਜੀ ਅੱਗੇ ਪ੍ਰੇਮ ਬੇਨਤੀ ਹੈ, ਜਿਸ ਕਰਕੇ ਵਾਹਿਗੁਰੂ ਜੀ ਪਰਮ ਪ੍ਰਸੰਨ ਹੋ ਕੇ ਸਹਾਇਤਾ ਕਰਦੇ ਹਨ ਅਤੇ ਆਪਣੇ 'ਚ ਅਭੇਦ ਕਰ ਲੈਂਦੇ ਹਨ, ਪੂਰਨ ਪਦ ਦੀ ਪ੍ਰਾਪਤੀ ਦਾ ਇਹੋ ਹੀ ਸ਼ੁਭ ਸੱਚਾ ਮਾਰਗ ਹੈ। ਤਾਣ ਹੋਦੇ; ਹੋਇ ਨਿਤਾਣਾ॥ ਅਨੁਸਾਰ ਅਨਤਕਲਾ ਦੇ ਮਾਲਕ ਹੁੰਦਿਆਂ, ਭਾਉ ਭਗਤੀ ਨਿਮ੍ਰਤਾ ਗ੍ਰੀਬੀ ਦਰਸੌਂਣੀ ਕਮੌਂਣੀ, ਇਹ ਪੂਰੇ ਸਤਿਗੁਰੂ ਸਾਹਿਬ ਜੀ ਦੀ ਹੀ ਵਡਿਆਈ ਹੈ। ਸਿੱਖਾਂ ਦੀ ਕਲਿਆਣ ਲਈ ਭਾਉ ਭਗਤੀ ਦ੍ਰਿੜ ਕਰ ਤੇ ਕਰਵਾ ਰਹੇ ਹਨ, ਉਸ ਅਨੁਸਾਰ ਸਿੱਖ ਭਾਉ ਭਗਤੀ ਦ੍ਰਿੜ ਕਰਕੇ ਗੁਰੂ ਚਰਨਕਮਲਾਂ 'ਚ ਅਭੇਦ ਹੋ ਜਾਂਦੇ ਹਨ। ਸਾਡੇ ਅੰਦਰ ਹੰਗਤਾ ਭਾਵ ਹੋਣੇ ਕਰਕੇ, ਇਹ ਭਾਸਦਾ ਹੈ ਕਿ ਸਤਿਗੁਰੂ ਜੀ ਬਲੁ ਛੁਟਕਿਓ ਕਿਉਂ ਕਹਿ ਰਹੇ ਹਨ? ਵਾਹਿਗੁਰੂ ਸਰੂਪ ਸਤਿਗੁਰੂ ਸਾਹਿਬ ਜੀ ਅਸੰਖ ਸ਼ੁਭ ਗੁਣਾਂ ਦੀਆਂ ਅਨਤ ਕਲਾਂ ਸਹਿਤ ਅਨਤ ਕਲਾਵਾਨ ਪੂਰਨ ਮੇਹਰਵਾਨ ਅਜਪਾ ਜਾਪ ਵਾਹਿਗੁਰੂ ਜੀ ਦੇ ਸਰਗੁਨ ਸਰੂਪ ਹਨ, ਅਨਤ ਕਲਾਵਾਨ ਪੂਰਨ ਬ੍ਰਹਮ ਜੀ ਆਪ ਜੀ ਦੇ ਅੰਦਰ ਬਾਹਰ ਭਰਪੂਰ ਹੋ ਰਹੇ ਹਨ। ਆਪ ਜੀ ਅਜਪਾ ਜਾਪ, ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥) ਅਬਿਨਾਸੀ ਸੁਖ; ਆਪਨ ਆਸਨ॥ ਬ੍ਰਹਮ ਜੀ 'ਚ ਬੇਪ੍ਰਵਾਹ ਅਵਸਥਾ 'ਚ ਲੀਨ ਹਨ। ਯਥਾ:- ਬੇਪਰਵਾਹ ਸਦਾ ਰੰਗਿ ਹਰਿ ਕੈ; ਜਾ ਕੋ ਪਾਖੁ ਸੁਆਮੀ॥ਰਹਾਉ॥ ਸੋ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਪ੍ਰਕਾਸ਼ ਸਹਿਤ, ਵਾਹਿਗੁਰੂ ਜੀ ਦੇ ਸਨਮੁਖ, ਬਲੁ ਛੁਟਕਿਓ, ਬੰਧਨ ਪਰੇ; ਕਛੂ ਨ ਹੋਤ ਉਪਾਇ॥ ਪ੍ਰੇਮ ਬੇਨਤੀ ਕਰਨੀ ਸ੍ਰਬ ਵਿਆਪੀ ਅਗਮ ਅਪਾਰ ਨਿਰਮਲ ਵਿਸਮਾਦਤਾਈ, ਗ੍ਰੀਬੀ ਸਹਿਤ ਸਹਿਜ ਹੈ ਜੀ। ਯਥਾ:- ਜਾ ਕੈ ਅੰਤਰਿ; ਬਸੈ ਪ੍ਰਭੁ ਆਪਿ॥ ਨਾਨਕ. ਤੇ ਜਨ; ਸਹਜਿ ਸਮਾਤਿ॥੫॥) ਮਿਸਟ ਬਚਨ ਬੇਨਤੀ ਕਰਉ; ਦੀਨ ਕੀ ਨਿਆਈ॥ ਅਨੁਸਾਰ ਵਿਛੁੜਿਆ ਜੀਵ, ਪ੍ਰੇਮ ਬੇਨਤੀ ਕਰਕੇ ਹੀ ਮਿਲ ਸਕਦਾ ਹੈ, ਪ੍ਰੇਮ ਬੇਨਤੀ ਭੀ ਆਪ ਹੀ ਕਰੌਂਦੇ ਹਨ, ਅਤੇ ਕਰਨ ਦੀ ਜਾਚ ਸਿੱਖੌਂਦੇ ਹਨ ਜੀ ਰਾਮ।

ਵਾਹਿਗੁਰੂ॥ ਸ੍ਰੀਰ ਇੰਦ੍ਰੀਆਂ ਸਬੰਧੀਆਂ ਦਾ ਬਲ ਛੁੱਟਣ ਤੋਂ ਇਸ ਸਲੋਕ ਦਾ ਅਭਿਆਸ ਕਰਨ ਨਾਲ ਬਿਬੇਕ ਦਾ ਬਲ ਅਕਾਲਪੁਰਖੁ ਜੀ ਨਾਲ ਏਕਤਾ ਅਭੇਦਤਾ ਪ੍ਰਾਪਤ ਹੁੰਦੀ ਹੈ। ਸੋ ਹੇ ਵਾਹਿਗੁਰੂ ਮਹੱਲਾ ਨੌਵਾਂ ਜੀ! ਕੁਦਰਤਿ ਕਵਣ; ਕਹਾ ਵੀਚਾਰੁ॥ ਅਨੁਸਾਰ ਆਪ ਜੀ ਦੀ ਅਗਮ ਅਪਾਰ ਸ੍ਰਬ ਵਿਆਪੀ ਸ਼ੁਭ

ਗੁਣਾਂ ਦੀਆਂ ਅਨੰਤ ਕਲਾਂ ਸਹਿਤ ਅਨਤ ਕਲਾਵਾਨ ਪਰਮ (ਕੁਦਰਤਿ) ਸ਼ਕਤੀ ਦਾ ਵੀਚਾਰੁ (ਕਵਣ) ਕਿਹੜਾ (ਕਹਾ) ਕਹੀਏ? ਭਾਵ ਕਿਹਾ ਨਹੀਂ ਜਾ ਸਕਦਾ, ਕਿਉਂ ਜੋ ਆਪ ਜੀ ਦੀ ਜੋਤਿ ਸ਼ਕਤੀ ਨਾਲ ਜੀਅ ਆਖਦੇ ਵੇਖਦੇ ਬੋਲਦੇ ਤੁਰਦੇ ਜਿਉਂਦੇ ਜਾਗਦੇ ਹਨ। ਯਥਾ:- ਆਖਣੁ ਵੇਖਣੁ ਸਭੁ; ਸਾਹਿਬ ਤੇ ਹੋਇ॥੪॥੨॥੧੪॥ ਸਾਰੀਆਂ ਘਟਾਂ ਆਪ ਜੀ ਦੇ ਸ਼ੁਭ ਸੱਚੇ ਸੁੱਚੇ ਉੱਚੇ ਨਾਮ ਹਰ ਵੇਲੇ ਜਪ ਰਹੀਆਂ ਹਨ, ਕਿ ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਹਨ। ਯਥਾ:- ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥੧॥ਰਹਾਉ॥

ਬਲੁ ਹੋਆ ਬੰਧਨ ਛੁਟੇ; ਸਭ ਕਿਛੁ ਹੋਤ ਉਪਾਇ॥

ਹੇ ਕਰਣ ਕਾਰਣ ਸਮਰੱਥ ਵਾਹਿਗੁਰੂ ਸਰੂਪ ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ! ਆਪ ਜੀ ਦੀ ਕ੍ਰਿਪਾ ਨਾਲ, ਆਪ ਜੀ ਦਾ ਬਖ਼ਸ਼ਿਆ, ਨਿਰਭੈਤਾ ਨਿਰਲੇਪਤਾ ਸਹਿਤ ਸ਼ਹੀਦੀ ਦੇਣ ਦਾ ਬਲੁ, ਦਾਸਨਦਾਸ ਨੂੰ ਪ੍ਰਾਪਤ (ਹੋਆ) ਹੋ ਗਿਆ ਹੈ। ਕਹਿ ਕਬੀਰ; ਹਮਰਾ ਗੋਬਿੰਦੁ॥ ਚਉਥੇ ਪਦ ਮਹਿ; ਜਨ ਕੀ ਜਿੰਦੁ॥੪॥੧॥੪॥) ਮਨੁ. ਨ ਡਿਗੈ; ਤਨੁ ਕਾਹੇ ਕਉ ਡਰਾਇ॥ ਚਰਨਕਮਲ; ਚਿਤੁ ਰਹਿਓ ਸਮਾਇ॥ਰਹਾਉ॥ ਵਾਲੀ ਅਚੱਲ ਅਡੋਲ ਅਵਸਥਾ ਪ੍ਰਾਪਤ ਹੋ ਗਈ ਹੈ। ਯਥਾ:- ਡੋਲਨ ਤੇ ਚੂਕਾ; ਠਹਰਾਇਆ॥ ਸਤਿ ਮਾਹਿ ਲੇ ਸਤਿ ਸਮਾਇਆ॥੧॥ ਅਨੁਸਾਰ ਹੁਣ ਸ੍ਰੀਰ ਨਾਲ ਕੋਈ ਸਬੰਧ ਨਹੀਂ ਰਿਹਾ। (ਬੰਧਨ ਛੁਟੇ) ਹੰਗਤਾ ਮਮਤਾ ਦੇ ਸਾਰੇ ਬੰਧਨ ਛੁੱਟ ਗਏ ਹਨ। ਸਭ (ਕਿਛੁ) ਕੁੱਝ (ਉਪਾਇ) ਯਤਨ ਭੀ (ਹੋਤ) ਹੋ ਸਕਦੇ ਹਨ, ਭਾਵ ਦਰੋਗਾ ਅਨੁਸਾਰੀ ਹੋ ਗਿਆ ਹੈ।

ਨਾਨਕ. ਸਭ ਕਿਛੁ ਤੁਮਰੈ ਹਾਥ ਮੈ; ਤੁਮ ਹੀ ਹੋਤ ਸਹਾਇ॥੫੪॥

ਪਰਮਪੂਜਨੀਕ ਨੌਵੇਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਹੇ ਅਕਾਲਪੁਰਖੁ ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ! (ਤੁਮਰੈ) ਆਪ ਜੀ ਦੇ ਹਾਥ (ਮੈ) ਵਿੱਚ ਸਭ (ਕਿਛੁ) ਕੁੱਝ ਹੈ। (ਤੁਮ) ਆਪ ਜੀ ਹੀ ਅਨੇਕ ਪ੍ਰਕਾਰ ਕਰਕੇ (ਸਹਾਇ) ਸਹਾਇਕ (ਹੋਤ) ਹੁੰਦੇ ਹੋਂ। ਸੇਵਕ ਦੇ ਰਿਦੇ ’ਚ ਵਸ ਕੇ, ਉਸ ਦੇ ਕਸ਼ਟ ਆਪਣੇ ’ਤੇ ਸਹਾਰਦੇ ਹੋਂ। ਆਪਣੇ ਪਿਆਰੇ ਸੇਵਕ ਜੀ ਦੇ ਸਾਹ ਨੂੰ ਹਰ ਸਮੇਂ ਦੇਖਦੇ ਹੋਂ, ਬਈ ਇਸ ਨੂੰ ਸਾਹ ਔਖਾ ਤਾਂ ਨਹੀਂ ਆ ਰਿਹਾ। ਯਥਾ:- ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ; ਪ੍ਰਭ. ਜਨ ਕੇ ਸਾਸ ਨਿਹਾਰੇ॥

ਪਹਿਲੇ ਸਲੋਕ ’ਚ ਬਲ ਮੰਗਿਆ ਹੈ, ਦੂਜੇ ’ਚ ਬਲ ਦੀ ਪ੍ਰਾਪਤੀ ਹੋਈ ਦਰਸਾਈ ਹੈ। ਐਸੇ ਕਸ਼ਟਾਂ ਦੇ ਸਮੇਂ ਅਕਾਲਪੁਰਖੁ ਜੀ ’ਚ ਏਕਤਾ ਅਭੇਦਤਾ ਦਿਖਾਈ ਹੈ। ਹਮੂ ਅਸਤ; ਤੇਗੇਬਹਾਦਰ ਗੁਰੂ॥ ਕਿ ਗੁਰੂ ਗੋਬਿੰਦ ਸਿੰਘ ਆਮਦ; ਅਜ਼ ਨੂਰਿ ਊ॥੨੬॥ ਉਹ ਹੀ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਹਨ, ਜਿਨ੍ਹਾਂ ਦੇ ਨੂਰ ਤੋਂ ਸੱਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪ੍ਰਗਟ ਹੋਏ ਹਨ। ਗੁਰਬਾਣੀ ਅਰਥ ਵੀਚਾਰਨ ਲੱਗਿਆਂ, ਵਾਹਿਗੁਰੂ ਨੌਵੇਂ ਪਾਤਿਸਾਹ ਜੀ ਦੀ ਮਹਿਮਾ, ਵਾਹਿਗੁਰੂ ਦਸਵੇਂ ਪਾਤਿਸਾਹ ਜੀ ਨਾਲੋਂ ਘੱਟ ਨਹੀਂ ਕਹਿਣੀ, ਵਾਹਿਗੁਰੂ ਦਸ ਸਤਿਗੁਰੂ ਸਾਹਿਬ ਜੀ ਇੱਕ ਜੋਤਿ ਹਨ ਜੀ।

ਸੰਗ ਸਖਾ. ਸਭ ਤਜਿ ਗਏ; ਕੋਊ. ਨ ਨਿਬਹਿਓ ਸਾਥ॥

ਅਸੰਖ ਬ੍ਰਹਮੰਡ ਦੇ ਰਚਨਹਾਰ ਅਸੰਖ ਬ੍ਰਹਮੰਡ ਤੇ ਅਸਾਡੇ ਅੰਦਰ ਬਾਹਰ ਅਸੰਖ ਪ੍ਰਕਾਸ਼ ਸਰੂਪ ਅਨਤਕਲਾਵਾਨ ਨਿਰਗੁਨ ਬ੍ਰਹਮ ਜੀ ਦੇ ਅਵਤਾਰ ਵਾਹਿਗੁਰੂ ਮਹੱਲਾ ਨੌਵਾਂ ਜੀ ਸ੍ਰਬੱਤ ਨੂੰ ਇਕਾਗ੍ਰਤਾ ਬਖ਼ਸ਼ ਕੇ ਅਕਾਲਪੁਰਖੁ ਜੀ ਨਾਲ ਜੋੜਨ ਲਈ ਵਿਸਮਾਦ ਸ਼ੁਭ ਸੱਚਾ ਪਿਆਰਾ ਸਚਿਆਰਾ ਅਪਾਰਾ ਨਿਆਰਾ ਉਪਦੇਸ਼ ਬਖ਼ਸ਼ ਰਹੇ ਹਨ:- ਹੇ ਪ੍ਰੇਮੀਓਂ! ਸਭ ’ਤੇ ਇਹ ਅਵਸਥਾ ਆਈ ਹੈ, ਹੁਣ ਜੋ ਚੜ੍ਹਾਈ ਕਰ ਰਹੇ ਹਨ, ਉਨ੍ਹਾਂ ’ਤੇ ਆ ਰਹੀ ਹੈ, ਅੱਗੇ ਨੂੰ ਸਭ ’ਤੇ ਆਵੇਗੀ। (ਸਖਾ) ਪਿਆਰੇ ਸਨੇਹੀ ਸਬੰਧੀ ਮਿੱਤ੍ਰ ਜਿੰਦ ਜਾਨ ਸਭ (ਸੰਗ) ਸਾਥ (ਤਜਿ) ਛੱਡ ਗਏ ਤੇ (ਕੋਊ) ਕੋਈ ਭੀ ਕਿਸੇ ਦੇ (ਸਾਥ) ਨਾਲ (ਨ) ਨਹੀਂ (ਨਿਬਹਿਓ) ਨਿਬ੍ਹਿਆ, ਭਾਵ ਇੰਦ੍ਰੇ ਸ੍ਰੀਰ ਸਬੰਧੀ ਸੁਆਦ ਜਿਨ੍ਹਾਂ ਨੂੰ ਅਪਣੇ ਪਿਆਰੇ ਜਿੰਦ ਜਾਨ ਮੰਨ ਰਿਹਾ ਹੈਂ, ਇਹ ਸਾਰੇ ਝੂਠੀ ਛਲਣੀ ਮਾਇਆ ਰੂਪ ਹਨ, ਜੋ ਪ੍ਰੀਤਮ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪਰਮਪਵਿੱਤ੍ਰ ਸੱਚੇ ਚਰਨਕਮਲਾਂ ਨਾਲ ਨਹੀਂ ਜੁੜਨ ਦਿੰਦੇ।

ਕਹੁ ਨਾਨਕ. ਇਹ ਬਿਪਤ ਮੈ; ਟੇਕ ਏਕ ਰਘਨਾਥ॥੫੫॥

ਨੌਵੇਂ ਗੁਰੂ ਨਾਨਕ ਦੇਵ ਸਾਹਿਬ ਜੀ (ਕਹੁ) ਫ਼ੁਰਮੌਂਦੇ ਹਨ:- ਸਭ ਸਬੰਧੀਆਂ ਮਿੱਤ੍ਰਾਂ ਇੰਦ੍ਰਿਆਂ ਦੇ ਸਾਥ ਛੱਡਣ ਤੋਂ ਇਸ ’ਤੇ ਬਿਪਤਾ ਆਉਂਦੀ ਹੈ, (ਇਹ) ਇਸ (ਬਿਪਤ) ਦੁਖੱਲੀ ਕਸ਼ਟ ਭਰੀ ਵਿਯੋਗ ਦੀ ਸੱਟ ਬਿਪਤਾ (ਮੈ) ਵਿੱਚ, ਕੇਵਲ (ਏਕ) ਇੱਕੋ ਇੱਕ (ਰਘਨਾਥ) ਅਸੰਖ ਸ਼ੁਭ ਗੁਣਾਂ ਦੀਆਂ ਅਨਤ ਕਲਾਂ ਦੇ ਪ੍ਰਕਾਸ਼ ਹੀ ਪ੍ਰਕਾਸ਼ ਸਰੂਪ, ਸਭ ਦੇ ਅੰਦਰ ਬਾਹਰ ਪੂਰਨ ਸੰਪੂਰਨ ਅਜਪਾ ਜਾਪ ਵਾਹਿਗੁਰੂ ਜੀ ਦੀ (ਟੇਕ) ਓਟ ਹੈ। ਯਥਾ:- ਜਾ ਕਉ ਮੁਸਕਲੁ ਅਤਿ ਬਣੈ; ਢੋਈ. ਕੋਇ ਨ ਦੇਇ॥ ਲਾਗੂ ਹੋਏ ਦੁਸਮਨਾ;

ਸਾਕ ਭਿ. ਭਜਿ ਖਲੇ॥ ਸਭੋ ਭਜੈ ਆਸਰਾ; ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮੁ; ਲਗੈ ਨ. ਤਤੀ ਵਾਉ॥੧॥) ਕਬੀਰ. ਮਨੁ ਨਿਰਮਲੁ ਭਇਆ; ਜੈਸਾ ਗੰਗਾ ਨੀਰੁ॥ ਪਾਛੈ ਲਾਗੋ ਹਰਿ ਫਿਰੈ; ਕਹਤ ਕਬੀਰ ਕਬੀਰ॥੫੫॥ ਅਨੁਸਾਰ ਅਨਤਕਲਾਵਾਨ ਪੂਰਨ ਮੇਹਰਵਾਨ ਸ੍ਰਬ ਵਿਆਪੀ ਵਾਹਿਗੁਰੂ ਜੀ ਆਪਣੇ ਵਿਸਮਾਦ ਦਰਸ਼ਨ ਬਖ਼ਸ਼ ਰਹੇ ਹਨ, ਆਪੈ ਜਪਹੁ; ਆਪਨਾ ਜਾਪੁ॥੫॥ ਅਨੁਸਾਰ ਅਪਣਾ ਜਾਪ ਰੋਮ ਰੋਮ ਕਰਕੇ ਆਪ ਹੀ ਕਰ ਕਰਵਾ ਰਹੇ ਹਨ। ਸਖੀ ਵਸਿ ਆਇਆ. ਫਿਰਿ. ਛੋਡਿ ਨ ਜਾਈ; ਇਹ ਰੀਤਿ ਭਲੀ ਭਗਵੰਤੈ॥ ਅਨੁਸਾਰ ਸਭ ਦੇ ਛੱਡ ਜਾਣ ਤੋਂ ਭੀ ਹੁਣ ਛੱਡ ਕੇ ਨਹੀਂ ਜਾ ਰਹੇ। ਯਥਾ:- ਬ੍ਰਹਮੈ ਬ੍ਰਹਮੁ ਮਿਲਿਆ; ਕੋਇ ਨ ਸਾਕੈ ਭਿੰਨ ਕਰਿ, ਬਲਿ ਰਾਮ ਜੀਉ॥

ਨਾਮੁ ਰਹਿਓ. ਸਾਧੂ ਰਹਿਓ; ਰਹਿਓ ਗੁਰ ਗੋਬਿੰਦ॥

ਸੰਗ ਸਖਾ. ਸਭ ਤਜਿ ਗਏ; ਕੋਊ. ਨ ਨਿਬਹਿਓ ਸਾਥ॥ ਅਨੁਸਾਰ ਐਸੇ ਕਸ਼ਟ ਬਿਪਤਾ ਸਮੇਂ, ਜਦੋਂ ਸਭ (ਸਖਾ) ਪਿਆਰੇ ਸਾਥ ਛੱਡ ਗਏ, ਦਾਸਨਦਾਸ ਪਾਸ ਗੁਰਪ੍ਰਸਾਦਿ ਅਜਪਾ ਜਾਪ ਨਾਮੁ ਜੀ (ਰਹਿਓ) ਰਹੇ ਹਨ, ਭਾਵ ਸਤਿਗੁਰੂ ਸਾਹਿਬ ਜੀ ਦੇ ਬਖ਼ਸ਼ੇ ਵਾਹਿਗੁਰੂ ਨਾਮ ਜੀ ਹਰ ਕਸ਼ਟ ਹਰ ਸਮੇਂ ਸਹਾਇਕ ਹੁੰਦੇ ਹਨ। ਨਾਮ ਦੀ ਅਧਿਕ ਤੋਂ ਅਧਿਕ ਮਹਾਨਤਾ ਜਣਾ ਰਹੇ ਹਨ। ਸਾਧੂ ਭਾਈ ਗੁਰਦਿਤਾ ਜੀ (ਰਹਿਓ) ਰਹੇ ਹਨ, ਜੋ ਬੇੜੀ (Shackles) ਸਮੇਤ ਦਾਸਨਦਾਸ ਦੀ ਸੇਵਾ ਕਰ ਰਹੇ ਹਨ। ਗੁਰੂ ਜੀ ਦੇ ਸਾਧੂ ਹਰ ਕਸ਼ਟ ਬਿਪਤਾ 'ਚ ਸਹਾਇਕ ਹੁੰਦੇ ਹਨ। (ਗੁਰ) ਅਸੰਖ ਪ੍ਰਕਾਸ਼ ਸਰੂਪ, ਪਰਮਪੂਜਨੀਕ (ਗੋਬਿੰਦ) ਅਜਪਾ ਜਾਪ ਵਾਹਿਗੁਰੂ ਜੀ ਅੰਦਰ ਬਾਹਰ ਭਰਪੂਰ ਵਿਸਮਾਦ ਅਗਮ ਅਪਾਰ ਨੂਰ ਹੀ ਨੂਰ ਸਾਖਿਆਤ ਹੋ (ਰਹਿਓ) ਰਹੇ ਹਨ।

ਦੂਜਾ ਅਰਥ- ਪਰਮਪੂਜਨੀਕ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਫ਼ੁਰਮੌਂਦੇ ਹਨ:- (ਨਾਮੁ) ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁੱਗੋ ਜੁੱਗ ਅਟੱਲ ਹੋ (ਰਹਿਓ) ਰਹੇ ਹਨ। (ਸਾਧੂ ਰਹਿਓ) ਸਿੱਖਾਂ ਨੇ ਸ਼ਹੀਦੀ ਦਿਤੀ ਹੈ, ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਾਸ਼ਨਾ ਕਰਨ ਵਾਲੇ ਸਾਧੂ ਭੀ ਰਹਿ ਗਏ ਹਨ, ਭਾਵ ਅਚੱਲ ਹੋ ਗਏ ਹਨ। (ਗੁਰ) ਪਰਮਪੂਜਨੀਕ (ਗੋਬਿੰਦ) ਅਕਾਲਪੁਰਖੁ ਗੁਰ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਸਦਾ ਅਚੱਲ ਹੋ (ਰਹਿਓ) ਰਹੇ ਹਨ। ਯਥਾ:- ਲਖ ਚਉਰਾਸੀਹ ਮੇਦਨੀ; ਸਭ ਆਵੈ ਜਾਸੀ॥ ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ, ਅਬਿਨਾਸੀ॥੧੭॥

ਕਹੁ ਨਾਨਕ. ਇਹ ਜਗਤ ਮੈ; ਕਿਨ ਜਪਿਓ ਗੁਰ ਮੰਤੁ॥੫੬॥

ਪਹਿਲਾ ਅਰਥ:- ਸੱਚੇ ਸਤਿਗੁਰੂ (ਨਾਨਕ) ਵਾਹਿਗੁਰੂ ਨੌਵੇਂ ਪਾਤਿਸਾਹ ਜੀ (ਕਹੁ) ਫ਼ੁਰਮੌਂਦੇ ਹਨ:- (ਇਹ) ਇਸ ਜਗਤ (ਮੈ) ਵਿੱਚ (ਕਿਨ) ਕਿਸੇ ਵਿਰਲੇ ਨੇ ਹੀ ਸੱਚੇ ਸਤਿਗੁਰੂ ਸਾਹਿਬ ਜੀ ਤੋਂ (ਗੁਰਮੰਤੁ) ਗੁਰਮੰਤ੍ਰ ਜੀ ਲੈ ਕੇ (ਜਪਿਓ) ਜਪੇ ਹਨ।

ਦੂਜਾ ਅਰਥ:- ਸੱਚੇ ਸਤਿਗੁਰੂ ਨੌਵੇਂ ਗੁਰੂ ਨਾਨਕ ਦੇਵ ਸਾਹਿਬ ਜੀ (ਕਹੁ) ਫ਼ੁਰਮੌਂਦੇ ਹਨ:- (ਇਹ) ਇਸ ਜਗਤ (ਮੈ) ਵਿੱਚ (ਕਿਨ) ਕਿਨ੍ਹਾਂ ਕਿਨ੍ਹਾਂ ਨੇ (ਗੁਰਮੰਤੁ) ਗੁਰਮੰਤ੍ਰ ਜੀ (ਜਪਿਓ) ਜਪੇ ਹਨ? ਸੱਚੇ ਸਤਿਗੁਰੂ ਸਾਹਿਬ ਜੀ ਨੇ ਕਿਨ ਅੱਖਰ ਲਿਖ ਕੇ, ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ਅੱਖਰ ਵੱਲ

ਪੂਰਨ ਧਿਆਨ ਦਿਵਾਇਆ ਹੈ। ਪਰਮਪੂਜਨੀਕ ਸੱਚੇ ਸਤਿਗੁਰੂ ਨੌਵੇਂ ਪਾਤਿਸਾਹ ਜੀ ਫ਼ੁਰਮੌਂਦੇ ਹਨ:-

ਇਸ ਜਗਤ ਵਿੱਚ ਕਿਨ੍ਹਾਂ ਕਿਨ੍ਹਾਂ ਗੁਰਮੁਖਾਂ ਨੇ ਗੁਰਮੰਤ੍ਰ ਜੀ ਜਪੇ ਹਨ? ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਏ ਸਮੂੰਹ ਭਗਤਾਂ, ਦਸਾਂ ਪਾਤਿਸ਼ਾਹਾਂ, ਰੁਕਮਾਂਗਦ ਕਰਤੂਤਿ; ਰਾਮੁ ਜੰਪਹੁ ਨਿਤ ਭਾਈ॥ ਅਨੁਸਾਰ ਰਾਜਾ ਰੁਕਮਾਂਗਦ ਜੀ, ਭਗਤ ਧਰੂ ਜੀ, ਭਗਤ ਪ੍ਰਹਲਾਦ ਜੀ, ਚੱਕ੍ਰਵਰਤੀ ਪਾਤਿਸਾਹ ਮਾਧਾਤਾ ਆਦਿ ਸਮੂੰਹ ਮਹਾਂਪੁਰਸ਼ਾਂ ਜੀ ਬਾਰੇ ਕਿਹਾ ਹੈ। (ਕਿਨ ਜਪਿਓ) ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ ਹਲ ਵਾਹੁੰਦਿਆਂ ਗੁਰਤਾ ਸਿੰਘਾਸਨ ’ਤੇ ਸੁਭਾਇਮਾਨ ਹੋ ਕੇ, ਸਮੁੰਦ੍ਰ ’ਤੇ ਤੁਰਦਿਆਂ, ਸੁਮੇਰ ਪਰਬਤ ’ਤੇ ਚੜ੍ਹਦਿਆਂ, ਤੇਰਾ ਤੇਰਾ ਕਹਿ ਕੇ ਤੋਲਦਿਆਂ, ਜ਼ਿੰਦਗੀ ਦੇ ਹਰ ਨਿਮਖ, ਹਰ ਕਦਮ ’ਤੇ, ਗੁਰਮੁਖਿ ਨਾਮੁ ਜਪੇ ਹਨ। ਯਥਾ:- ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥) ਬਿਨੁ ਜਿਹਵਾ; ਜੋ ਜਪੈ ਹਿਆਇ॥) ਇਕ ਦੂ ਜੀਭੌ. ਲਖ ਹੋਹਿ; ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ; ਏਕੁ ਨਾਮੁ ਜਗਦੀਸ॥

ਰਾਮ ਨਾਮੁ ਉਰਿ ਮੈ ਗਹਿਓ; ਜਾ ਕੈ ਸਮ. ਨਹੀ ਕੋਇ॥

ਜਿਹ ਸਿਮਰਤ. ਸੰਕਟ ਮਿਟੈ; ਦਰਸੁ ਤੁਹਾਰੋ ਹੋਇ॥੫੭॥੧॥

ਦੁਖ ਭੈ ਭੰਜਨੁ; ਪ੍ਰਭੁ ਅਬਿਨਾਸੀ॥ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਲੋਹੇ ਦੇ ਤੰਗ ਪਿੰਜਰੇ ’ਚ, ਸਾਵਧਾਨ ਏਕਾਗਰ ਚੀਤ॥ ਗੁਰਮੁਖਿ ਨਿਰਲੇਪ ਅਵਸਥਾ ’ਚ ਲੀਨ ਵਾਹਿਗੁਰੂ ਵਾਹਿਗੁਰੂ ਜਪਦਿਆਂ ਫ਼ੁਰਮਾ ਰਹੇ ਹਨ:- ਦਾਸਨਦਾਸ ਨੇ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਮਹਾਂ ਵਿਸਮਾਦ ਕ੍ਰਿਪਾ ਨਾਲ (ਰਾਮ) ਸੱਚੇ ਕੰਤ ਭਗਵੰਤ ਸੱਚੇ ਵਾਹਿਗੁਰੂ ਜੀ ਦੇ ਸੱਚੇ ਅੰਮ੍ਰਿਤ ਨਾਮੁ ਜੀ ਨੂੰ ਅਪਣੇ (ਉਰਿ) ਰਿਦੇ, ਰੋਮ

ਰੋਮ (ਮੈ) 'ਚ (ਗਹਿਓ) ਵਸੌਣੇ ਕੀਤੇ ਹਨ। (ਜਾ) ਜਿਸ ਸੱਚੇ ਅਮੋਲਕ ਨਾਮ (ਕੈ) ਦੇ (ਸਮ) ਬਰਾਬਰ (ਕੋਇ) ਕੋਈ ਨਹੀ ਹੈ। ਯਥਾ:- ਕਹੁ ਕਬੀਰ; ਖੋਜਉ ਅਸਮਾਨ॥ ਰਾਮ ਸਮਾਨ; ਨ ਦੇਖਉ ਆਨ॥੨॥੩੪॥) ਨਹੀ ਤੁਲਿ; ਰਾਮ ਨਾਮ ਬੀਚਾਰ॥) ਹਰਿ ਕੇ ਨਾਮ ਸਮਸਰਿ; ਕਛੁ ਨਾਹਿ॥) ਸਾਈ ਨਾਮੁ ਅਮੋਲੁ; ਕੀਮ. ਨ ਕੋਈ ਜਾਣਦੋ॥ ਹੇ ਸ੍ਰਬ ਵਿਆਪੀ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਅਕਾਲਪੁਰਖੁ ਵਾਹਿਗੁਰੂ ਜੀ! (ਜਿਹ) ਜਿਸ ਆਪ ਜੀ ਦੇ ਅੰਮ੍ਰਿਤ ਨਾਮ ਨੂੰ (ਸਿਮਰਤ) ਸਿਮਰਨ, ਯਾਦ ਕਰਨ ਨਾਲ ਸਭ ਚੌਰਾਸੀ ਲੱਖ ਜੂਨਾਂ, ਔਗੁਣਾਂ ਵਿਕਾਰਾਂ, ਨਿੰਦਾ, ਵੈਰ, ਈਰਖਾ, ਆਪ ਜੀ ਦੇ ਵੇਛੋੜੇ ਦੇ ਸੰਕਟ (ਮਿਟੈ) ਮਿਟ ਜਾਂਦੇ ਹਨ ਅਤੇ (ਤੁਹਾਰੋ) ਆਪ ਜੀ ਦੇ ਸੱਚੇ ਸੁੰਦਰ (ਦਰਸੁ) ਦਰਸਨ (ਹੋਇ) ਹੋ ਜਾਂਦੇ ਹਨ। ਯਥਾ:- ਸ੍ਰੀ ਹਰਿਕ੍ਰਿਸਨ ਧਿਆਈਐ, ਜਿਸੁ ਡਿੱਠੇ ਸਭਿ ਦੁਖ ਜਾਂਇ॥) ਮਃ ੫॥ ਜਿਸੁ ਸਿਮਰਤ. ਸੰਕਟ ਛੁਟਹਿ; ਅਨਦ ਮੰਗਲ ਬਿਸ੍ਰਾਮ॥ ਨਾਨਕ. ਜਪੀਐ ਸਦਾ ਹਰਿ; ਨਿਮਖ. ਨ ਬਿਸਰਉ ਨਾਮੁ॥੨॥

## ਗ੍ਰੀਬ ਦਾਸਨਦਾਸੀ ਨਿਮਾਣੀ ਵੱਲੋਂ ਮੁਆਫ਼ੀ

ਹੇ ਪਰਮਪੂਜਨੀਕ, ਰਾਜਨ ਕੇ ਰਾਜਾ. ਮਹਾਰਾਜਨ ਕੇ ਮਹਾਰਾਜਾ; ਗੁਰਤਾ ਬਿਰਾਜਮਾਨ ਅਜਪਾ ਜਾਪ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਦਸ ਸਤਿਗੁਰੂ ਸਾਹਿਬਾਨ ਜੀਓ! ਦਾਸਨਦਾਸਾਂ ਦੇ ਸਿਰਾਂ 'ਤੇ ਆਪਜੀ ਦਾ ਬਹੁਤ ਵੱਡਾ ਕਰਜ਼ਾ ਹੈ! ਇਤਨਾ ਵੱਡਾ ਕਰਜ਼ਾ ਹੈ, ਆਪ ਜੀ ਦੇ ਬਖ਼ਸ਼ੇ ਦਾਸ ਦੇ ਸ੍ਰੀਰ ਦੇ ਜਿਤਨੇ ਰੋਮ ਹਨ, ਤਿਤਨੇ ਸ੍ਰੀਰ ਧਾਰੀਏ, ਉਨ੍ਹਾਂ ਸ੍ਰੀਰਾਂ ਦੇ ਜਿਤਨੇ ਰੋਮ ਹਨ, ਤਿਤਨੇ ਹੋਰ ਧਾਰ ਲਈਏ, ਇਸ ਤਰ੍ਹਾਂ ਅੱਗੇ ਤੋਂ ਅੱਗੇ ਅਣਗਿਣਤ ਸ੍ਰੀਰ ਧਾਰਦੇ ਧਾਰਦੇ ਧਾਰਦੇ ਹੀ ਜਾਈਏ। ਬੇਅੰਤ ਧਰਤੀਆਂ ਦੇ ਕਿਣਕਿਆਂ, ਸਮੂਹ ਸਮੁੰਦ੍ਰਾਂ ਦੀਆਂ ਬੂੰਦਾਂ, ਅਨੰਤ ਸਨੋਆਂ ਦਾ ਕਿਣਕਾ ਕਿਣਕਾ, ਅਨੰਤ ਬਨਾਸਪਤੀਆਂ ਦੇ ਫੁੱਲਾਂ ਪੱਤਿਆਂ ਕੱਖਾਂ ਦੀ ਗਿਣਤੀ ਨਾਲੋਂ ਵੱਧ ਸ੍ਰੀਰ ਧਾਰ ਕੇ, ਭਾਵੇਂ ਆਪ ਜੀ ਨੂੰ ਸੀਸ ਅਰਪੀਏ, ਸੀਸ ਅਰਪਣ ਤੋਂ ਖ਼ੂਨ ਦੀ ਬੂੰਦ ਬੂੰਦ 'ਚੋਂ ਹੋਰ ਅਨੰਤ ਸਰੀਰ ਸੀਸ ਪੈਦਾ ਹੋਈ ਜਾਣ, ਅਰਪੀ ਜਾਈਏ, ਵੱਧਦੇ ਜਾਣ, ਅਰਪੀ ਹੀ ਜਾਈਏ, ਫਿਰ ਭੀ ਆਪਜੀ ਦਾ ਕਰਜ਼ਾ ਨਹੀਂ ਮੋੜ ਸਕਦੇ ਜੀ! ਯਥਾ:- ਹਮਰੈ ਮਸਤਕਿ. ਦਾਗੁ ਦਗਾਨਾ; ਹਮ ਕਰਜ ਗੁਰੂ ਬਹੁ ਸਾਢੇ॥

ਆਪ ਜੀ ਦੇ ਕੀਤੇ ਪਰਉਪਕਾਰਾਂ, ਬਖ਼ਸ਼ੇ ਸਰਬ ਵਿਆਪੀ ਵਿਸਮਾਦ ਅਜਪਾ ਜਾਪ ਵਾਹਿਗੁਰੂ

ਨਾਮ ਰਤਨ ਦੀ ਕੀਮਤ ਨਹੀਂ ਪਾ ਸਕਦੇ, ਭਾਵ ਆਪ ਜੀ ਦੇ ਕੀਤੇ ਪਰਉਪਕਾਰਾਂ ਦਾ ਮੁੱਲ ਨਹੀਂ ਮੋੜ ਸਕਦੇ ਜੀ। ਸੋ ਦਾਸਨਦਾਸ ਆਪ ਜੀ ਦਾ, ਬਹੁਤਾ ਬਹੁਤਾ ਕਰਜ਼ਾ ਨਹੀਂ ਮੋੜ ਸਕਦਾ, ਇਸ ਲਈ ਆਪਜੀ ਦੇ ਬਖ਼ਸ਼ੇ ਕੇਸਾਂ ਨਾਲ, ਆਪ ਜੀ ਦੇ ਚਰਨਕਮਲ, ਆਪਜੀ ਦੀ ਬਖ਼ਸ਼ੀ ਸੱਤਾ ਨਾਲ ਝਾੜ੍ ਕੇ, ਆਪ ਜੀ ਦੀ ਬਖ਼ਸ਼ੀ ਜ਼ਬਾਨ ਨਾਲ, ਆਪ ਜੀ ਦੇ ਚਰਨਕਮਲ ਚੱਟ ਕੇ, ਮੂੰਹ 'ਚ ਘਾਹ ਲੈ ਕੇ, ਗਲ਼ 'ਚ ਪੱਲਾ ਪਾ ਕੇ, ਸਿਰ ਝੁਕਾ ਕੇ ਮੁਆਫ਼ੀ ਮੰਗਦਾ ਹਾਂ ਜੀ।

ਹੇ, ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ; ਦੇਇ ਦਾਨੁ॥) ਰਾਜਨ ਕੇ ਰਾਜਾ. ਮਹਾਰਾਜਨ ਕੇ ਮਹਾਰਾਜਾ;) ਨਾਨਕ ਰਾਖਨਹਾਰੁ ਅਪਾਰੁ॥ ਗੁਰਤਾ ਬਿਰਾਜਮਾਨ ਪੂਰਨ ਮੇਹਰਵਾਨ ਸਤਿਗੁਰੂ ਗ੍ਰੰਥ ਸਾਹਿਬਜੀ! ਹੇ ਪਰਮਪੂਜਨੀਕ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! ਹੇ ਗੁਰੂ ਸਤਿਸੰਗਤ ਸ਼ਹੀਦ ਗੁਰਮੁਖਿ ਸਾਹਿਬਾਨ ਜੀਓ! ਦਾਸਨਦਾਸ ਗ੍ਰੀਬ ਨਿਦਾਨ ਇਆਣੇ, ਸਦਾ ਸਦਾ ਇਹੁ ਭੂਲਨਹਾਰੁ॥ ਆਪਣੇ ਬੱਚਿਆਂ 'ਤੇ ਆਪਣੀ ਅਨਤ ਕਲਾਵਾਨ, ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥ ਸਰਬ ਵਿਆਪੀ ਮਹਾਂ ਵਿਸਮਾਦ, ਪੂਰਨ ਪ੍ਰਕਾਸ਼ ਸਰੂਪ ਕ੍ਰਿਪਾ ਹੀ ਕ੍ਰਿਪਾ ਕਰਕੇ, ਕੀਤੇ ਅਸੰਖ ਪਾਪਾਂ ਔਗੁਣਾਂ, ਗੁਰਬਾਣੀ ਦੀ ਸ਼ੁੱਧਾਈ, ਅਰਥਾਂ 'ਚ ਹੋਈ ਬੇਅੰਤ ਭੁੱਲ ਦੀ ਮੁਆਫ਼ੀ ਬਖ਼ਸ਼ਣੀ ਜੀ! ਮੁਆਫ਼ੀ ਬਖ਼ਸ਼ ਕੇ ਐਸੀ ਸਰਬ ਵਿਆਪੀ ਵਿਸਮਾਦ ਅਨਤਕਲਾਵਾਨ ਅਸੰਖ ਪ੍ਰਕਾਸ਼ ਸਰੂਪ ਕ੍ਰਿਪਾ ਦੁਆਰਾ, ਦਾਸਾਂ ਦੇ ਅੰਦਰ ਬਾਹਰ ਅਰਥਾਂ ਸਹਿਤ ਗੁਰਬਾਣੀ ਦੀ ਵਰਖਾ ਹਰ ਸਮੇਂ ਕਰਦੇ ਰਹਿਣਾ ਜੀ! ਜਿਸ ਸਰਬ ਵਿਆਪੀ ਵਿਸਮਾਦ ਵਰਖਾ 'ਚ, ਦਾਸ ਹਰ ਸਮੇਂ ਇਸ਼ਨਾਨ ਕਰਦੇ ਰਹਿਣ! ਆਪਣੇ ਬੱਚਿਆਂ ਨੂੰ ਆਪਣੇ ਮਿੱਠੇ ਪਿਆਰੇ ਸੱਚੇ ਚਰਨਕਮਲਾਂ ਨਾਲ ਜੋੜ ਕੇ ਦਿਲ ਦਿਮਾਗ਼ 'ਚ ਹਰ ਸਮੇਂ ਗੁਰਬਾਣੀ ਅਰਥ ਬਖ਼ਸ਼ਦੇ ਰਹਿਣਾ ਜੀ, ਸੱਚੇ ਚਰਨਕਮਲਾਂ 'ਚ ਲੀਨਤਾ ਏਕਤਾ ਅਭੇਦਤਾ ਬਖ਼ਸ਼ਣੀ ਜੀ! ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ, ਹਰ ਸਮੇਂ ਆਪਣੇ ਵਿਸਮਾਦ ਸੁੰਦਰ ਦਰਸ਼ਨ ਬਖ਼ਸ਼ਣੇ ਜੀ! ੧ਓ ਸਤਿਗੁਰ ਪ੍ਰਸਾਦਿ॥ ਗਉੜੀ ਬਾਵਨ ਅਖਰੀ ਮਹਲਾ ੫॥ ਸਲੋਕੁ॥ ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਗੁਰਦੇਵ ਸਖਾ. ਅਗਿਆਨ ਭੰਜਨੁ; ਗੁਰਦੇਵ

ਬੰਧਿਪ ਸਹੋਦਰਾ॥ ਗੁਰਦੇਵ ਦਾਤਾ. ਹਰਿ ਨਾਮੁ ਉਪਦੇਸੈ; ਗੁਰਦੇਵ ਮੰਤੁ. ਨਿਰੋਧਰਾ॥ ਗੁਰਦੇਵ. ਸਾਂਤਿ ਸਤਿ ਬੁਧਿ ਮੂਰਤਿ; ਗੁਰਦੇਵ. ਪਾਰਸ ਪਰਸ ਪਰਾ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ; ਗੁਰ ਗਿਆਨ ਮਜਨੁ ਅਪਰੰਪਰਾ॥ ਗੁਰਦੇਵ ਕਰਤਾ. ਸਭਿ ਪਾਪ ਹਰਤਾ; ਗੁਰਦੇਵ, ਪਤਿਤ. ਪਵਿਤ ਕਰਾ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ; ਗੁਰਦੇਵ ਮੰਤੁ ਹਰਿ ਜਪਿ ਉਧਰਾ॥ ਗੁਰਦੇਵ ਸੰਗਤਿ ਪ੍ਰਭ ਮੇਲਿ. ਕਰਿ ਕਿਰਪਾ; ਹਮ ਮੂੜ ਪਾਪੀ. ਜਿਤੁ ਲਗਿ ਤਰਾ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥੧॥

{ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ ਵਿੱਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, ਤੇਰਾ ਕੀਆ, ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।



ਧਰਮ ਹੇਤ; ਸਾਕਾ ਜਿਨਿ ਕੀਆ॥ ਸੀਸੁ ਦੀਆ; ਪਰ. ਸਿਰਰੁ ਨ ਦੀਆ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ, ਧੰਨ ਪਿਆਰੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ 'ਚ ਗੋਲ਼ ਦਾਇਰੇ ਤਿੱਖੇ ਤੀਰਾਂ ਵਿਚਕਾਰ ਬੈਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ 'ਚ, ਹੁਣ ਵਾਹਿਗੁਰੂ ਵਾਹਿਗੁਰੂ ਜਪ

ਜਪਾ ਰਹੇ ਹਨ। ਹੁਣ ਵੈਰਾਗਮਈ ਸ੍ਰੀ ਗੁਰਬਾਣੀ ਜੀ ਉਚਾਰ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਅਪਣੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ ਤੇ ਸਜ ਰਹੇ ਹਨ।}

ਗੁਰਪ੍ਰਸਾਦਿ ਸਟੀਕ ਸਲੋਕ ਮਹਲਾ ੯ ਜੀ ਸੰਪੂਰਨੰ। ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ, ਪਤੀ ਵਾਹਿਗੁਰੂ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥